| 1. | ਸੰਤ ਸਿੰਘ ਸੇਖੋਂ | ਭਾਰਤ | 1980 |
| 2. | ਫ਼ਖਰ ਜ਼ਮਾਨ | ਪਾਕਿਸਤਾਨ | 1981 |
| 3. | ਕਰਤਾਰ ਸਿੰਘ ਦੁੱਗਲ | ਭਾਰਤ | 1982 |
| 4. | ਸੋਹਨ ਕਾਦਰੀ | ਡੈਨਮਾਰਕ | 1982 |
| 5. | ਅਜੀਤ ਕੌਰ | ਭਾਰਤ | 1983 |
| 6. | ਤਰਸੇਮ ਸਿੰਘ ਪੁਰੇਵਾਲ | ਇੰਗਲੈਂਡ | 1983 |
| 7. | ਡਾ. ਸੁਰਜੀਤ ਸਿੰਘ ਸੇਠੀ | ਭਾਰਤ | 1984 |
| 8. | ਡਾ. ਦਲੀਪ ਕੌਰ ਟਿਵਾਣਾ | ਭਾਰਤ | 1985 |
| 9. | ਅੰਮ੍ਰਿਤਾ ਪ੍ਰੀਤਮ | ਭਾਰਤ | 1986 |
| 10. | ਡਾ. ਹਰਚਰਨ ਸਿੰਘ | ਭਾਰਤ | 1986 |
| 11. | ਅਫ਼ਜ਼ਲ ਅਹਿਸਨ ਰੰਧਾਵਾ | ਪਾਕਿਸਤਾਨ | 1986 |
| 12. | ਅਜਾਇਬ ਕਮਲ | ਕੀਨੀਆ | 1986 |
| 13. | ਡਾ. ਗੁਰੂਮੇਲ | ਅਮਰੀਕਾ | 1986 |
| 14. | ਦੇਵ | ਸਵਿਟਜ਼ਰਲੈਂਡ | 1986 |
| 15. | ਸ਼ਿਵਚਰਨ ਗਿੱਲ | ਇੰਗਲੈਂਡ | 1986 |
| 16. | ਡਾ. ਹਰਿਭਜਨ ਸਿੰਘ | ਭਾਰਤ | 1987 |
| 17. | ਡਾ. ਜਸਬੀਰ ਸਿੰਘ ਆਹਲੂਵਾਲੀਆ | ਭਾਰਤ | 1988 |
| 18. | ਬਲਵੰਤ ਗਾਰਗੀ | ਭਾਰਤ | 1989 |
| 19. | ਹਰਦੇਵ ਸਿੰਘ (ਚਿਤਰਕਾਰ) | ਕੈਨੇਡਾ | 1989 |
| 20. | ਤਾਰਾ ਸਿੰਘ | ਭਾਰਤ | 1990 |
| 21. | ਗੁਲਜ਼ਾਰ ਸਿੰਘ ਸੰਧੂ | ਭਾਰਤ | 1990 |
| 22. | ਅਜਮੇਰ ਸਿੰਘ ਔਲਖ | ਭਾਰਤ | 1990 |
| 23. | ਡਾ. ਤੇਜਵੰਤ ਸਿੰਘ ਗਿੱਲ | ਭਾਰਤ | 1991 |
| 24. | ਅਮਰਜੀਤ ਸਿੰਘ (ਅਕਸ) | ਭਾਰਤ | 1992 |
| 25. | ਤਾਰਾ ਸਿੰਘ ਹੇਅਰ | ਕੈਨੇਡਾ | 1992 |
| 26. | ਡਾ. ਰਘਬੀਰ ਸਿੰਘ (ਸਿਰਜਣਾ) | ਭਾਰਤ | 1993 |
| 27. | ਡਾ. ਕੁਲਬੀਰ ਸਿੰਘ ਕਾਂਗ | ਭਾਰਤ | 1994 |
| 28. | ਡਾ. ਪ੍ਰੇਮ ਪ੍ਰਕਾਸ਼ ਸਿੰਘ | ਕੈਨੇਡਾ | 1994 |
| 29. | ਡਾ. ਜੋਗਿੰਦਰ ਸਿੰਘ ਪੁਆਰ | ਭਾਰਤ | 1995 |
| 30. | ਡਾ. ਮਨਜੀਤਪਾਲ ਕੌਰ | ਭਾਰਤ | 1996 |
| 31. | ਡਾ. ਸੁਤਿੰਦਰ ਸਿੰਘ ਨੂਰ | ਭਾਰਤ | 1997 |
| 32. | ਪ੍ਰੋ. ਬ੍ਰਹਮਜਗਦੀਸ਼ ਸਿੰਘ | ਭਾਰਤ | 1997 |
| 33. | ਡਾ. ਅਮਰਜੀਤ ਕੌਂਕੇ | ਭਾਰਤ | 1998 |
| 34. | ਇਲਿਆਸ ਘੁੰਮਣ | ਪਾਕਿਸਤਾਨ | 1998 |
| 35. | ਅਮਰ ਜਯੋਤੀ | ਨੀਦਰਲੈਂਡਜ਼ | 1998 |
| 36. | ਡਾ. ਅਖਤਰ ਹੁਸੈਨ ਅਖਤਰ | ਪਾਕਿਸਤਾਨ | 1999 |
| 37. | ਜਸਬੀਰ ਭੁੱਲਰ | ਭਾਰਤ | 2000 |
| 38. | ਅਜੀਤ ਰਾਹੀ | ਆਸਟ੍ਰੇਲੀਆ | 2000 |
| 39. | ਬਲਿਹਾਰ ਸਿੰਘ ਰੰਧਾਵਾ | ਇੰਗਲੈਂਡ | 2000 |
| 40. | ਹਰਭਜਨ ਸਿੰਘ ਹਲਵਾਰਵੀ | ਭਾਰਤ | 2000 |
| 41. | ਅਵਤਾਰ ਜੌੜਾ | ਭਾਰਤ | 2001 |
| 42. | ਡਾ. ਮਨਜੀਤ ਸਿੰਘ | ਭਾਰਤ | 2002 |
| 43. | ਪ੍ਰੋ. ਰਾਸ਼ਦ ਹਸਨ ਰਾਣਾ | ਪਾਕਿਸਤਾਨ | 2005 |
| 44. | ਪ੍ਰੋ. ਆਸ਼ਿਕ ਰਹੀਲ | ਪਾਕਿਸਤਾਨ | 2006 |
| 45. | ਡਾ. ਵਨੀਤਾ | ਭਾਰਤ | 2007 |
| 46. | ਡਾ. ਸਾਹਿਬ ਸਿੰਘ | ਭਾਰਤ | 2008 |
| 47. | ਪ੍ਰਮਿੰਦਰਜੀਤ | ਭਾਰਤ | 2009 |
| 48. | ਕੇਵਲ ਧਾਲੀਵਾਲ | ਭਾਰਤ | 2010 |
| 49. | ਮਨਜੀਤ ਮੀਤ | ਕੈਨੇਡਾ | 2010 |
| 50. | ਗੁਰਦਿਆਲ ਕੰਵਲ | ਕੈਨੇਡਾ | 2010 |


IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

| | | | |
|---|---|---|---|
| 51. | ਚਰਨ ਸਿੰਘ | ਕੈਨੇਡਾ | 2011 |
| 52. | ਡਾ. ਨਿਗਹਤ ਖੁਰਸ਼ੀਦ | ਪਾਕਿਸਤਾਨ | 2012 |
| 53. | ਕੇਵਲ ਧਾਲੀਵਾਲ | ਭਾਰਤ | 2013 |
| | | (ਸ਼੍ਰੋਮਣੀ ਨਟ ਸਮਰਾਟ ਪੁਰਸਕਾਰ) | |

ਇਆਪਾ ਦੀ ਸ਼ਾਖ: 'ਸਾਹਿਤ ਵਿਚਾਰ ਮੰਚ, ਕੈਨੇਡਾ' ਵਲੋਂ ਹੇਠ ਲਿਖੇ ਸਾਹਿਤਕਾਰਾਂ/ ਲੇਖਕਾਂ ਦਾ 'ਵਿਸ਼ਵ ਪੰਜਾਬੀ ਸਾਹਿਤਕਾਰ ਪੁਰਸਕਾਰ' ਨਾਲ ਸਨਮਾਨ ਕੀਤਾ ਗਿਆ। ਪੁਰਸਕਾਰ ਵਿਚ ਸਨਮਾਨ-ਚਿੰਨ੍ਹ, ਪੱਤਰ ਤੇ 500 ਡਾਲਰ ਸ਼ਾਮਿਲ ਹਨ।

| | | | |
|---|---|---|---|
| 1. | ਕੁਲਵੰਤ ਸਿੰਘ ਵਿਰਕ | ਭਾਰਤ | 1983 |
| 2. | ਕਪੂਰ ਸਿੰਘ ਘੁੰਮਣ | ਭਾਰਤ | 1984 |
| 3. | ਡਾ. ਮ. ਸ. ਰੰਧਾਵਾ | ਭਾਰਤ | 1985 |
| 4. | ਪ੍ਰੀਤਮ ਸਿੰਘ ਸਫ਼ੀਰ | ਭਾਰਤ | 1986-87 |
| 5. | ਕੇਵਲ ਧਾਲੀਵਾਲ (ਸ਼੍ਰੋਮਣੀ ਵਿਸ਼ਵ ਰੰਗਕਰਮੀ ਪੁਰਸਕਾਰ) | ਭਾਰਤ | 2014 |

**-ਰਵਿੰਦਰ ਰਵੀ**

ਜਨਵਰੀ 1, 2017



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

# ਪੁਸਤਕ ਦਰਸ਼ਨ





IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

# ਅਸਤਿਤਵ ਦੀ ਲੜਾਈ ਲੜ ਰਹੇ ਮਨੁੱਖ ਦੀ ਗਾਥਾ : "ਹੋਂਦ ਨਿਹੋਂਦ"

"ਹੋਂਦ ਨਿਹੋਂਦ" ਰਵਿੰਦਰ ਰਵੀ ਦਾ ਚੌਦ੍ਹਵਾਂ ਕਾਵਿ-ਨਾਟਕ ਹੈ। 1974 ਵਿਚ, ਕਾਵਿ-ਨਾਟਕ "ਬੀਮਾਰ ਸਦੀ" ਤੋਂ ਆਪਣੀ ਯਾਤਰਾ ਸ਼ੁਰੂ ਕਰਕੇ 42 ਸਾਲਾਂ ਦੇ ਵਕਫ਼ੇ ਵਿੱਚ ਨਿਰੰਤਰ ਗਤੀਸ਼ੀਲ ਰਿਹਾ ਰਵਿੰਦਰ ਰਵੀ ਪੰਜਾਬੀ ਦਾ ਵਿਕੋਲਿਤਰਾ ਕਾਵਿ-ਨਾਟਕ ਲੇਖਕ ਹੈ।

ਰਵੀ ਦੇ ਆਪਣੇ ਸ਼ਬਦਾਂ ਵਿਚ : "ਇਹ ਕਾਵਿ-ਨਾਟਕ ਹੋਂਦ, ਹੋਣ ਅਤੇ ਨਿਹੋਂਦ ਦੇ ਅਸਤਿਤਵਾਦੀ ਦਰਸ਼ਨ ਨਾਲ ਜੁੜੇ ਸੰਕਲਪਾਂ ਦੀ ਵਿਕਾਸਸ਼ੀਲਤਾ ਨੂੰ ਅਜੋਕੇ ਸੰਦਰਭਾਂ ਵਿੱਚ ਨਿਰਖਣ-ਪਰਖਣ ਦਾ ਯਤਨ ਕਰਦਾ ਹੈ।"

ਰਵਿੰਦਰ ਰਵੀ ਪਰਬੁੱਧ ਸੋਚ ਵਾਲਾ ਦਾਰਸ਼ਨਿਕ ਨਾਟਕਕਾਰ ਹੈ। ਉਸਦੇ ਹਰ ਨਾਟਕ ਵਿਚ ਗਲੋਬਲੀ ਮਨੁੱਖ ਦੀ ਤ੍ਰਸਦੀ ਅਤੇ ਉਸ ਵਿੱਚੋਂ ਨਿਕਲਣ ਲਈ ਕੀਤੇ ਸੰਘਰਸ਼ ਦੀ ਦਾਰਸ਼ਨਿਕ ਪੇਸ਼ਕਾਰੀ ਹੁੰਦੀ ਹੈ। ਵਿਸ਼ਵੀਕਰਨ ਨੇ ਮਨੁੱਖ ਤੋਂ ਉਸ ਦੀ ਆਜ਼ਾਦੀ ਖੋਹ ਲਈ ਹੈ ਤੇ ਉਹ ਆਪਣੇ ਅਸਤਿਤਵ ਨੂੰ ਬਚਾਉਣ ਲਈ ਅੱਕੀਂ ਪਲਾਹੀਂ ਹੱਥ ਮਾਰਦਾ ਪ੍ਰਤੀਤ ਹੁੰਦਾ ਹੈ। ਅਜੋਕਾ ਆਧੁਨਿਕ ਮਨੁੱਖ ਹੋਂਦ ਅਤੇ ਨਿਹੋਂਦ ਵਿਚਲੇ ਫਾਸਲੇ 'ਤੇ ਤੁਰਦਾ ਪਾਂਧੀ ਹੈ। ਕਦੇ ਉਸ ਨੂੰ ਲੱਗਦਾ ਹੈ ਕਿ ਉਸ ਦੀ ਹੋਂਦ, ਨਿਹੋਂਦ ਵਿਚ ਤਬਦੀਲ ਹੁੰਦੀ ਜਾ ਰਹੀ ਹੈ। ਊਲ-ਜਲੂਲ ਸੋਚ, ਪ੍ਰਤੀਕਰਮ, ਵਿਵਸਥਾ ਇਸ ਦੇ ਸਿੱਟੇ ਹਨ। ਬਿਕਮਿੰਗ (ਹੋਣ) ਅਤੇ ਨਥਿੰਗਨੈਸ (ਨਿਹੋਂਦ) ਦਾ ਸੰਘਰਸ਼ ਹੀ ਆਧੁਨਿਕ ਮਨੁੱਖ ਦੀ ਹੋਣੀ ਹੈ।

ਆਧੁਨਿਕ ਮਨੁੱਖ ਆਪਣੀ ਹੋਂਦ ਨੂੰ ਬਚਾਉਣ ਲਈ ਲਗਾਤਾਰ ਕਸ਼ਮਕਸ਼ ਅਤੇ ਸੰਘਰਸ਼ ਦੇ ਦੌਰ ਥਾਣੀਂ ਗੁਜ਼ਰਦਾ ਹੈ। ਵਿਸ਼ਵ ਅਤਿਵਾਦ, ਆਈਸਿਸ ਦੇ ਖ਼ੂਨੀ ਵਰਤਾਰੇ ਉਸ ਦੀ ਹੋਂਦ ਲਈ ਵੱਡਾ ਖਤਰਾ ਬਣ ਗਏ ਹਨ, ਜਿਨ੍ਹਾਂ ਨਾਲ ਸਖਤੀ ਨਾਲ ਨਜਿੱਠਿਆ ਜਾਣਾ ਲਾਜ਼ਮੀ ਹੈ। ਅਤਿਵਾਦ ਦੀ ਹਿੰਸਾ ਮਨੁੱਖੀ ਹੋਂਦ


IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਨੂੰ ਨਿਹੋਂਦ ਵਿਚ ਬਦਲਣ ਲਈ ਯਤਨਸ਼ੀਲ ਹੈ। ਇਸ ਦੀ ਹਾਜ਼ਰੀ ਵਿਚ ਮਨੁੱਖ ਦੀ ਕਾਮ-ਤ੍ਰਿਪਤੀ, ਮੁਹੱਬਤ ਅਤੇ ਜਿਊਣ ਦੀ ਲਾਲਸਾ ਢਹਿ-ਢੇਰੀ ਹੋ ਕੇ ਰਹਿ ਜਾਵੇਗੀ। ਮਸਖਰੇ, ਮਸਖਰੀ ਦੀਆਂ ਵਿਅੰਗ-ਟਿਪਣੀਆਂ ਅਤੇ ਉਲਟਬਾਜ਼ੀਆਂ (ਕਬੀਰ ਵਾਲੀਆਂ) ਮਨੁੱਖ ਦੀ ਤ੍ਰਾਸਦੀ ਦੇ ਕਈ ਝਲਕਾਰੇ ਇਸ ਨਾਟਕ ਵਿਚ ਪੇਸ਼ ਕਰਦਾ ਹੈ। ਮੰਡੀ ਦਾ ਪ੍ਰਭਾਵ ਉਸ ਦੇ ਤਨ ਤੇ ਜ਼ਿਹਨ 'ਤੇ ਮਾਰੂ ਅਸਰ ਕਰਦਾ ਪ੍ਰਤੀਤ ਹੁੰਦਾ ਹੈ। ਇਸ ਨਾਟਕ ਨੂੰ ਪੇਸ਼ ਕਰਨ ਲਈ ਉਸ ਨੇ ਪੰਜਾਬੀ ਲੋਕ-ਕਾਵਿ ਟੱਪਿਆਂ ਦੀ ਵਰਤੋਂ ਵੀ ਕੀਤੀ ਹੈ। ਉਹ ਚੰਗਾ ਨਿਰਦੇਸ਼ਕ ਵੀ ਹੈ ਜੋ ਆਪਣੇ ਨਾਟਕ ਨੂੰ ਮੰਚਨ ਕਰਨ ਲਈ ਸਮੇਂ ਸਮੇਂ ਢੁੱਕਵੇਂ ਤੇ ਸੁਚੱਜੇ ਨਿਰਦੇਸ਼ ਦਿੰਦਾ ਹੈ।

ਮਨੁੱਖੀ ਹੋਂਦ ਨੂੰ ਆਲਮੀਂ ਖਤਰਿਆਂ ਦੇ ਬਾਵਜੂਦ ਉਸ ਦੀ ਸੋਚ ਹਾਂ-ਪੱਖੀ ਹੈ। ਉਹ ਮਨੁੱਖ ਦੀ ਹੋਣੀ ਅਤੇ ਹੋਂਦ ਪ੍ਰਤੀ ਆਸਵੰਦ ਹੈ। ਇਸ ਆਸ ਦਾ ਸੁਨੇਹਾ ਉਹ ਆਪਣੇ ਇਸ ਨਾਟਕ ਦੇ ਅੰਤ ਵਿਚ ਦਿੰਦਾ ਵੀ ਪ੍ਰਤੀਤ ਹੁੰਦਾ ਹੈ। ਵੱਡੀ ਤ੍ਰਾਸਦੀ ਦੇ ਰੂ-ਬਰੂ ਹੁੰਦਿਆਂ ਵੀ ਆਧੁਨਿਕ ਮਨੁੱਖ ਜਿਊਣ ਲਈ ਸੰਘਰਸ਼ ਕਰ ਰਿਹਾ ਹੈ। ਇਹੋ ਇਸ ਨਾਟਕ ਦਾ ਸੁਨੇਹਾ ਹੈ।

**–ਕੇ.ਐਲ. ਗਰਗ**

'ਪੰਜਾਬੀ ਟ੍ਰਿਬਿਊਨ', ਸਤੰਬਰ 11, 2016, ਚੰਡੀਗੜ੍ਹ, ਭਾਰਤ



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

## ਸੱਚ ਦਾ ਹੋਕਾ : *"ਹੋਂਦ ਨਿਹੋਂਦ"

ਚਰਚਾ ਅਧੀਨ ਪੁਸਤਕ ਰਵਿੰਦਰ ਰਵੀ ਵਲੋਂ ਰਚਿਆ 14ਵਾਂ ਕਾਵਿ-ਨਾਟਕ ਹੈ। ਕਾਵਿ-ਨਾਟਕ ਦੇ ਖੇਤਰ ਵਿਚ ਰਵਿੰਦਰ ਰਵੀ ਬੜਾ ਚਰਚਿਤ ਹਸਤਾਖਰ ਹੈ। ਉਸ ਦੇ ਗਿਆਰਾਂ ਕਾਵਿ-ਨਾਟਕ ਭਾਰਤ ਦੀਆਂ ਵੱਖ-ਵੱਖ ਥਾਵਾਂ 'ਤੇ ਉੱਘੇ ਰੰਗਕਰਮੀਆਂ ਨੇ, ਸਫਲਤਾਪੂਰਵਕ ਖੇਡੇ ਵੀ ਹਨ। ਉਸ ਦੇ ਹਰ ਕਾਵਿ-ਨਾਟਕ ਵਿਚ, ਇਸ ਕਾਵਿ-ਨਾਟਕ ਵਾਂਗ, ਨਵੀਨਤਮ ਜੁਗਤ ਹੁੰਦੀ ਹੈ, ਨਵਾਂ ਪ੍ਰਯੋਗ ਹੁੰਦਾ ਹੈ ਅਤੇ ਅੱਡਰੀ ਤੇ ਵਿਲੱਖਣ ਪੇਸ਼ਕਾਰੀ ਵੀ। ਅਸਲ 'ਚ ਉਸ ਦਾ ਆਪਣਾ ਹੀ ਇਕ ਅੰਦਾਜ਼ ਹੈ।

ਇਸ ਕਾਵਿ-ਨਾਟਕ ਵਿਚ ਮਨੁੱਖੀ ਹੋਂਦ ਨਾਲ ਜੁੜੇ ਸੰਕਲਪਾਂ ਤੇ ਸਰੋਕਾਰਾਂ ਨੂੰ ਅੱਜ ਦੇ ਸੰਦਰਭ 'ਚ ਨਿਰਖਣ ਪਰਖਣ ਦਾ ਕੀਤਾ ਇਹ ਯਤਨ ਹੈ। ਮਨੁੱਖ ਅੱਜ ਬਾਹਰੀ ਅਤੇ ਆਂਤਰਿਕ ਤੌਰ 'ਤੇ ਕਿੰਨੇ ਹੀ ਡਰ, ਖਤਰੇ ਅਤੇ ਅਸਥਿਰਤਾ ਹੰਢਾ ਰਿਹਾ ਹੈ। ਸੱਤਾ 'ਤੇ ਕਾਬਜ਼ ਲੋਕ, ਕਦਰਾਂ ਕੀਮਤਾਂ ਨੂੰ ਛਿੱਕੇ ਟੰਗ, ਹਰ ਰੋਜ਼ ਅਣਮਨੁੱਖੀ ਕਾਰਜ ਕਰਦੇ ਹਨ ਅਤੇ ਧਰਮ ਮਹਿਜ਼ ਪਾਖੰਡ ਬਣ ਗਿਆ ਹੈ। ਦਹਿਸ਼ਤਗਰਦ ਕੁਲ ਵਿਸ਼ਵ ਵਿਚ ਡਰ ਦਾ ਮਾਹੌਲ ਸਿਰਜ ਰਹੇ ਹਨ। ਰਿਸ਼ਤਿਆਂ ਦੇ ਅਰਥ ਬਦਲ ਗਏ ਹਨ। ਹੋਂਦ ਯਾਨੀ ਕਿ ਹੋਣ ਦਾ ਅਹਿਸਾਸ, ਕੁਝ ਵੀ ਨਾ ਹੋਣ ਵਾਂਗ ਯਾਨੀ ਕਿ ਨਿਹੋਂਦ ਵਾਂਗ ਜਾਪਦਾ ਹੈ।

ਇਸ ਕਾਵਿ-ਨਾਟਕ ਵਿਚ ਪਾਤਰਾਂ ਦੀ ਭੀੜ ਘਟਾਉਣ ਲਈ ਪਾਤਰ ਕਵੀ, ਇੱਕ, ਦੋ, ਔਰਤ, ਕਵਿੱਤਰੀ, ਮਸਖਰਾ, ਮਸਖਰੀ, ਆਈਸਿਸ ਕਮਾਂਡਰ, ਆਈਸਿਸ ਸੈਨਿਕ-ਇਕ ਤੇ ਦੋ, ਗਰੁੱਪ ਦੀ ਥਾਂ ਟੋਲੀ-1, ਅਤੇ 2 ਆਦਿ ਦਾ ਵੱਖਰਾ ਪ੍ਰਯੋਗ ਕੀਤਾ ਗਿਆ ਹੈ। ਕਾਵਿ-ਨਾਟਕ ਤੇਰਾਂ ਕਾਂਡਾਂ ਵਿਚ ਵੰਡਿਆ ਗਿਆ ਹੈ ਅਤੇ ਹਰ ਕਾਂਡ ਮਨੁੱਖਤਾ ਦੇ ਆਂਤਰਿਕ ਅਤੇ ਬਾਹਰਮੁਖੀ ਹਾਲਾਤਾਂ ਨੂੰ ਬਾਖੂਬੀ ਰੂਪਮਾਨ ਕਰਦਾ ਹੈ। ਮਨੁੱਖੀ ਹੋਂਦ ਦੇ ਐਨ ਸਮਾਨੰਤਰ ਤੁਰ ਰਹੀ ਹੈ ਉਸਦੀ ਨਿਹੋਂਦ। ਆਓ ਕੁਝ ਸੰਵਾਦਾਂ ਦੀ ਮਿਸਾਲ ਦੇਈਏ :



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਅਸੀਂ ਜਿਊਣ ਲਈ ਜੰਮਦੇ
ਪਰ ਮਰਨ ਲਈ ਜਿਊਂਦੇ ਹਾਂ

ਸਾਡਾ ਰਿਸ਼ਤਾ ਵੀ ਇਸ ਤਰ੍ਹਾਂ
ਫਟ ਰਿਹਾ ਹੈ, ਸਿਲ ਰਿਹਾ ਹੈ
ਹੁੰਦਿਆਂ ਵੀ ਨਾ ਹੋਣ ਵਰਗਾ

ਅਸੀਂ ਹੋਣ ਹੋਣ ਕਰਦੇ ਹੋਏ ਵੀ
ਨਿਹੋਂਦ ਦੇ ਰਿਸ਼ਤੇ 'ਚ ਬੱਝੇ ਹੋਏ ਹਾਂ

ਸ਼ਬਦਾਂ ਵਿਚ ਅਣਬਣ ਹੋ ਗਈ ਏ
ਸ਼ੋਰਾਂ ਵਿਚ ਚੁੱਪ ਖੜੋ ਗਈ ਏ
ਕੋਈ ਚੀਜ਼ ਵੀ ਆਪਣੇ ਥਾਂ ਸਿਰ ਨਹੀਂ
ਗਰਦਿਸ਼ ਵਿਚ ਕੁਲ ਲੋਕਾਈ ਏ

ਚਿੰਤਨ ਵੀ ਏਥੇ ਨਹੀਂ ਮੱਘਦੇ
ਸੋਚਾਂ ਦੇ ਮੇਲੇ ਨਹੀਂ ਲੱਗਦੇ

ਲੱਖ ਕਰੋੜ 'ਚ ਚੱਲਣਾ ਚਾਹਵੇ
ਦੇਖੋ ਕਿਵੇਂ ਰੁਪੱਈਆ ਖੋਟਾ

ਕੰਪਿਊਟਰ ਦੇ ਇਸ ਯੁੱਗ ਅੰਦਰ
ਬੱਚੇ ਬਣਦੇ ਪਏ ਮਸ਼ੀਨਾਂ

ਰਿਸ਼ਤੇ ਵੀ ਪ੍ਰਦੂਸ਼ਿਤ ਹੋਏ
ਮੇਰ ਤੇਰ ਵਿਚ ਪਾਟਣ ਲੱਗੇ

ਅੱਜ ਦੇ ਮਨੁੱਖ ਦੀ ਤਰਾਸਦੀ ਬਿਆਨ ਕਰਦਾ ਹੈ ਇਹ ਸੰਵਾਦ :

ਬਾਹਰ ਵੀ ਤੁਰਿਆ ਨਹੀਂ ਜਾਂਦਾ
ਅੰਦਰ ਵੀ ਮੁੜਿਆ ਨਹੀਂ ਜਾਂਦਾ
ਇਸ ਹੋਂਦ ਨਿਹੋਂਦ ਦੀ ਟੱਕਰ ਵਿਚ
ਇਹ ਕੈਸੀ ਰੁੱਤ ਖਲਾਈ ਏ


IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਇਕ ਜ਼ਮੀਨੀ ਹਕੀਕਤ ਬਿਆਨ ਕਰਦਾ ਹੈ ਮਸਖਰਾ :

ਬੋਲਾ ਰਾਜਾ ਅੰਨ੍ਹੀਂ ਰਾਣੀ
ਪਰਜਾ ਗੁੰਗਿਆਂ ਦੀ ਹੈ ਢਾਣੀ
ਤਸਕਰਾਂ, ਅਫਸਰਾਂ ਦੀ ਪੌਂ ਬਾਰਾਂ
ਮੁਨਸਫ ਦੀ ਵੀ ਅੱਖ ਹੈ ਕਾਣੀ

ਵਿਸ਼ਵ ਵਿਆਪੀ ਆਤੰਕਵਾਦ ਦੀ ਇਸ ਕਾਵਿ-ਨਾਟਕ 'ਚ ਵਿਲੱਖਣ ਪੇਸ਼ਕਾਰੀ ਹੈ ਅਤੇ ਮਨੁੱਖਤਾ ਪ੍ਰਤੀ ਦਰਦ ਹੈ ਅਤੇ ਲੋਕਾਂ ਨੂੰ ਸੁਨੇਹਾ ਵੀ ਹੈ। ਇਸ ਨੂੰ ਠੱਲ੍ਹਣ ਦੀ ਇਕ ਉਮੀਦ ਵੀ ਜਤਾਈ ਹੈ। ਆਓ ਦੇਖੀਏ ਜ਼ਰਾ :

ਅੱਤਵਾਦੀ ਦੀ ਅੱਖ ਸੁਤੰਤਰ ਵੇਖੇ ਨਾ
ਇਹ ਦੇਖੇ ਉਹ, ਜੁ ਅਸੀਂ ਦਿਖਾਈਏ
ਪੋਚੀ ਹੋਈ ਫੱਟੀ ਦੇ ਉੱਤੇ
ਅਸੀਂ ਨਵੇਂ ਪੂਰਨੇ ਪਾਈਏ

ਅੱਲਾ, ਈਸ਼ਵਰ, ਗੌਡ ਅਪੰਗ ਨੇ
ਰਾਜ ਕਰੇ ਸ਼ੈਤਾਨ
ਸੋਚ, ਆਤਮਾ ਘਾਇਲ ਹੋਈ
ਭਾਸ਼ਾ, ਸੱਭਿਅਤਾ ਲਹੂ ਲੁਹਾਣ
ਧਰਮ, ਸਿਆਸਤ ਉਲਝ ਗਏ ਨੇ
ਨਫਰਤ, ਜੰਗ ਘਮਸਾਣ
ਪਾਗਲਪਨ ਦੀ ਆਈ ਸੁਨਾਮੀਂ
ਘਰ, ਘਰ ਮੜ੍ਹੀ ਮਸਾਣ
ਬਲੀ ਚੜ੍ਹੇ ਨਿਰਦੋਸ਼ ਤੇ ਬੱਚੇ
ਕਤਲ ਹੀ ਹੈ ਈਮਾਨ
ਮੰਦਰ, ਮਸਜਿਕ, ਗੁਰੂਦੁਆਰੇ,
ਗਿਰਜੇ ਦਾ ਅਪਮਾਨ
ਮੱਘੇ ਕੱਢਦਾ ਫਿਰੇ ਦਰਿੰਦਾ
ਪੀਰ, ਪੈਗਬੰਰ ਪੂਛ ਹਿਲਾਣ
ਆਪਣੀ ਸਿਖਰੋਂ ਡਿੱਗਾ ਆਪੇ
ਜ਼ਾਲਮ ਬਣ ਇਨਸਾਨ


IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

'ਕਾਫਿਰ' ਕਹਿ ਸਿਰ ਕਲਮ ਕਰਨ ਵਿਚ
ਆਤੰਕੀ ਦੀ ਸ਼ਾਨ
ਅੱਤਵਾਦ ਦੀ 'ਨ੍ਹੇਰੀ ਝੁੱਲੀ
ਕਹਿਰ ਗਹਿਰ ਅਸਮਾਲ

ਜਦੋਂ ਸੂਤਰਧਾਰ ਉਪਰੋਕਤ ਸੰਵਾਦ ਗਾਉਂਦਾ ਹੈ, ਸਾਡੀਆਂ ਅੱਖਾਂ 'ਚ ਹੰਝੂ ਤੈਰ ਜਾਂਦੇ ਹਨ। ਇਸ ਪੁਸਤਕ ਦਾ ਲੇਖਕ ਮਨੁੱਖਤਾਵਾਦੀ ਸੋਚ 'ਤੇ ਪਹਿਰਾ ਦਿੰਦਾ, ਸਾਡੇ ਹਾਲਾਤਾਂ 'ਚ ਆਈਆਂ ਬਾਹਰਮੁਖੀ ਤੇ ਅੰਤਰਮੁਖੀ ਨਾਂ-ਪੱਖੀ ਤਬਦੀਲੀਆਂ 'ਤੇ ਚਿੰਤਾ ਵਿਅਕਤ ਕਰਦਾ ਹੈ। ਉਸ ਨੂੰ ਉਮੀਦ ਹੈ ਕਿ ਵਿਸ਼ਵ ਪੱਧਰ 'ਤੇ ਫੈਲੇ ਆਤੰਕ ਨੂੰ, ਹਾਂ-ਪੱਖੀ ਤਾਕਤਾਂ ਮਿਲਕੇ ਖਤਮ ਕਰ ਦੇਣਗੀਆਂ:

ਵਿਸ਼ਵ ਖੌਫ ਨੂੰ ਤੋੜੇਗੀ ਹੁਣ
ਵਿਸ਼ਵ ਕੌਲੀਸਨ ਦੀ ਸਰਦਾਰੀ
ਰੱਕਤਬੀਜ ਦੀ ਰੱਤ ਪੀਣ ਲਈ
ਦੁਰਗਾ ਕੀਤੀ ਖੂਬ ਤਿਆਰੀ

ਬਾਬਾ ਬੁੱਲ੍ਹੇ ਸ਼ਾਹ ਨੂੰ ਸਮਰਪਿਤ ਇਹ ਕਾਵਿ-ਨਾਟਕ, ਉਹਦੇ ਵਾਂਗ ਹੀ, ਸੱਚ ਦਾ ਗਲੀ ਗਲੀ ਹੋਕਾ ਦਿੰਦਾ ਪ੍ਰਤੀਤ ਹੁੰਦਾ ਹੈ। ਮੈਂ ਇਸ ਪੁਸਤਕ ਨੂੰ ਪੰਜਾਬੀ ਸਾਹਿਤ 'ਚ ਆਉਣ 'ਤੇ ਖੁਸ਼-ਆਮਦੀਦ ਕਹਿੰਦਾ ਹਾਂ।

ਪੁਸਤਕ : ਹੋਂਦ ਨਿਹੋਂਦ ਲੇਖਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ, ਪੰਨੇ : 216, ਮੁੱਲ : 325 ਰੁਪਏ

**-ਪ੍ਰਿੰ. ਹਰੀ ਕ੍ਰਿਸ਼ਨ ਮਾਇਰ**
ਮਾਸਿਕ 'ਅਕਸ' (ਸਤੰਬਰ, 2016), ਪੰਨਾ 36, ਦਿੱਲੀ, ਭਾਰਤ



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

## ਨਵੀਨ ਜੁਗਤਾਂ ਦਾ ਸਾਰਥਕ ਪ੍ਰਯੋਗ : "ਹੋਂਦ ਨਿਹੋਂਦ"

ਰਵਿੰਦਰ ਰਵੀ ਨੇ ਆਪਣੇ ਇਸ 14ਵੇਂ ਕਾਵਿ-ਨਾਟਕ ਦੀ ਸਿਰਜਣਾ ਅਤੇ ਪੇਸ਼ਕਾਰੀ ਦੀ ਪ੍ਰਸੰਗਿਕਤਾ ਵਿਚ ਨਵੀਨ ਜੁਗਤਾਂ ਦਾ ਸਾਰਥਕ ਪ੍ਰਯੋਗ ਕੀਤਾ ਹੈ, ਜੋ ਸਾਡੇ ਅਜੋਕੇ ਨਾਟਕਕਾਰਾਂ ਅਤੇ ਰੰਗਕਰਮੀਆਂ ਨੇ ਬਾਖੂਬੀ ਧਾਰਨ ਵੀ ਕੀਤਾ ਹੈ। ਕਿਉਂ ਜੋ ਅਜੋਕਾ ਵਿਸ਼ਵੀ ਮਾਨਵ ਸਭ ਕੁਝ ਹੁੰਦਿਆਂ ਹੋਇਆਂ ਵੀ, ਅਸਥਿਰਤਾ ਦੀ ਅਵਸਥਾ ਵਿਚ ਵਿਚਰ ਰਿਹਾ ਹੈ, ਸਿੱਟੇ ਵਜੋਂ ਮਨੁੱਖ ਜਾਤੀ ਵਿੱਚੋਂ ਮਨੁੱਖਤਾ ਲੁਪਤ ਹੋ ਰਹੀ ਹੈ ਅਤੇ ਮਾਨਵ 'ਹੋਂਦ ਨਿਹੋਂਦ' ਦੇ ਅਸਤਿਤਵਵਾਦੀ ਝੰਜਟਾਂ ਦੇ ਦਰਮਿਆਨ ਗੁਆਚਿਆ ਹੋਇਆ ਆਪਾ ਲੱਭ ਰਿਹਾ ਹੈ, ਪਰ ਸ਼ਾਂਤੀ ਜਾਂ ਸਹਿਜ ਕਿਤੇ ਵੀ ਪ੍ਰਾਪਤ ਨਹੀਂ ਹੋ ਰਿਹਾ। ਅਜਿਹੇ ਵਿਚਾਰ ਬੋਧ ਨੂੰ ਪ੍ਰਗਟ ਕਰਨ ਹਿੱਤ ਰਵਿੰਦਰ ਰਵੀ ਨੇ ਤੇਰਾਂ ਨਾਟ-ਦ੍ਰਿਸ਼ ਸਿਰਜੇ ਹਨ। ਕਾਵਿ-ਨਾਟਕ ਵਿਚ ਪਾਤਰਾਂ ਦੀ ਭਰਮਾਰ ਤੋਂ ਗੁਰੇਜ਼ ਕਰਦੇ ਹੋਏ ਅਤੇ ਕਾਵਿ-ਨਾਟਕ ਦੇ ਨਵੇਂ ਪ੍ਰਤਿਮਾਨ ਸਥਾਪਤ ਕਰਦਿਆਂ ਲੇਖਕ ਨੇ ਕੋਰਸ ਦੇ ਪਾਤਰਾਂ ਨੂੰ 'ਟੋਲੀ ਇਕ' ਅਤੇ 'ਟੋਲੀ ਦੋ' ਵਿਚ ਪੇਸ਼ ਕਰਕੇ ਉਪਰੰਤ ਔਰਤ, 1, 2, ਕਵੀ, ਕਵਿੱਤਰੀ, ਮਸਖਰਾ, ਮਸਖਰੀ, ਆਈਸਿਸ ਕਮਾਂਡਰ, ਆਈਸਿਸ ਸੈਨਿਕ 1, 2 ਅਤੇ ਹੋਰ 1, 2 ਪਾਤਰਾਂ ਨੂੰ ਸਾਹਮਣੇ ਲਿਆ ਕੇ ਸਮਕਾਲੀਨ ਵਿਸ਼ਵ ਵਿਆਪੀ ਮਨੁੱਖਤਾ ਦੇ ਬਾਹਰੀ ਅਤੇ ਆਂਤਰਿਕ ਸੰਕਟਾਂ ਨੂੰ ਬਾਖੂਬੀ ਪ੍ਰਦਰਸ਼ਨ ਕਰ ਵਿਖਾਇਆ ਹੈ। ਪਾਤਰ ਕਵੀ ਦੁਆਰਾ ਅਲਾਪਿਆ ਇਹ ਬੋਲ, ਕਿ :

ਬਾਹਰ ਵੀ ਤੁਰਿਆ ਜਾਂਦਾ ਨਹੀਂ
ਅੰਦਰ ਵੀ ਮੁੜਿਆ ਜਾਂਦਾ ਨਹੀਂ
ਇਸ ਹੋਂਦ ਨਿਹੋਂਦ ਦੀ ਟੱਕਰ ਵਿੱਚ
ਇਹ ਕੈਸੀ ਰੁੱਤ ਖਲਾਈ ਏ ?
ਸ਼ਬਦਾਂ ਵਿੱਚ ਅਣਬਣ ਹੋ ਗਈ ਏ



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਸ਼ੋਰਾਂ ਵਿੱਚ ਚੁੱਪ ਖੜੋ ਗਈ ਏ
ਕੋਈ ਚੀਜ਼ ਵੀ ਆਪਣੀ ਥਾਂ ਸਿਰ ਨਹੀਂ
ਗਰਦਸ਼ ਵਿਚ ਕੁਲ ਲੋਕਾਈ ਏ

ਇਸ ਕਾਵਿ-ਨਾਟਕ ਦਾ ਕੇਂਦਰੀ ਨੁਕਤਾ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਔਰਤ, 1, 2, ਕਵਿੱਤਰੀ ਅਤੇ ਮਸਖਰਾ-ਮਸਖਰੀ ਜਿਹੇ ਪਾਤਰ ਅਜੋਕੇ ਮਾਨਵ ਦੇ ਬਾਹਰੀ ਅਤੇ ਅੰਦਰਲੇ ਵਿਹਾਰ ਅਤੇ ਸੋਚ, ਚਿੰਤਨ ਜਿਹੇ ਪੱਖਾਂ ਦਾ ਆਲੋਚਨਾਤਮਕ ਯਥਾਰਥ ਪੇਸ਼ ਕਰਦੇ ਹੋਏ ਅਜੋਕੇ ਯੁੱਗ ਦੇ ਚਿੰਤਕਾਂ ਦੀ ਸੋਚ ਦ੍ਰਿਸ਼ਟੀ ਨੂੰ ਨਵੇਂ ਪਰਿਪੇਖ ਵਿਚ ਮਾਨਵ ਜਾਤੀ ਨੂੰ ਸਮਝਣ ਲਈ ਜ਼ਾਵੀਆ (ਕੋਨ) ਦਾ ਮਾਰਗ ਦਰਸਾਉਂਦੇ ਜਾਪਦੇ ਹਨ।

ਲੇਖਕ : ਰਵਿੰਦਰ ਰਵੀ ਪ੍ਰਕਾਸ਼ਕ : ਨੈਸ਼ਨਲ ਬੁੱਕ ਸ਼ਾਪ
ਦਿੱਲੀ, ਮੁੱਲ : 325 ਰੁਪਏ, ਪੰਨੇ : 216

**–ਡਾ. ਜਗੀਰ ਸਿੰਘ ਨੂਰ**

'ਅਜੀਤ', ਜਲੰਧਰ, ਭਾਰਤ, 31 ਜੁਲਾਈ, 2016



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

## ਲੱਪ ਕੁ ਸ਼ਬਦਾਂ ਵਿਚ ਬ੍ਰਹਮੰਡ ਸਮੇਟਣ ਦੀ ਕੋਸ਼ਿਸ਼ : "ਹੋਂਦ ਨਿਹੋਂਦ"

ਕੁਝ ਦਿਨ ਪਹਿਲਾਂ ਇਕ ਸਾਹਿਤਕ ਮੀਟਿੰਗ ਦੌਰਾਨ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਸ੍ਰੀ ਰਵਿੰਦਰ ਰਵੀ ਹੁਰਾਂ ਨਾਲ ਫਿਰ ਮੁਲਾਕਾਤ ਹੋਈ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਅਜੀਬ ਜਿਹੀ ਖਿੱਚ ਹੈ ਅਤੇ ਉਨ੍ਹਾਂ ਦੇ ਹਰ ਸ਼ਬਦ 'ਚੋਂ ਹੀ ਗਿਆਨ ਡੁੱਲ੍ਹ ਡੁੱਲ੍ਹ ਪੈਂਦਾ ਹੈ। ਜਦੋਂ ਕਦੇ ਵੀ ਉਹ ਸਟੇਜ ਤੋਂ ਬੋਲਦੇ ਹਨ ਤਾਂ ਜੀਅ ਕਰਦੈ ਕਿ ਬੱਸ ਉਹ ਬੋਲੀ ਤੇ ਅਸੀਂ ਸੁਣੀ ਜਾਈਏ।

ਉਨ੍ਹਾਂ ਨੇ ਬੜੇ ਪਿਆਰ ਨਾਲ ਮੈਨੂੰ ਆਪਣਾ ਨਵਾਂ ਨਾਟਕ "ਹੋਂਦ ਨਿਹੋਂਦ" ਕਿਤਾਬੀ ਰੂਪ ਵਿਚ ਭੇਟ ਕੀਤਾ। ਹਾਲੇ ਕਿ ਕਾਵਿ ਨਾਟਕ ਵਿਧਾ ਬਾਰੇ ਮੈਂ ਬਿਲਕੁਲ ਅਨਜਾਣ ਹਾਂ ਪਰ ਫਿਰ ਵੀ ਜਦੋਂ ਕਿਤਾਬ ਰਵੀ ਸਾਹਿਬ ਵਰਗੇ ਸਮਰੱਥ ਸ਼ਾਇਰ ਦੀ ਹੋਵੇ ਤਾਂ ਵਿਧਾ ਤੋਂ ਉੱਪਰ ਉੱਠ ਕੇ ਪੜ੍ਹਨ ਨੂੰ ਜੀਅ ਕਰਦਾ ਹੈ ਅਤੇ ਇਹ ਗਰੰਟੀ ਤਾਂ ਹੁੰਦੀ ਹੀ ਹੈ ਕਿ ਰਵੀ ਸਾਹਿਬ ਦੇ ਸ਼ਬਦਾਂ ਵਿਚਲਾ ਵਿਸਮਾਦ ਜ਼ਰੂਰ ਹਾਸਲ ਹੋਵੇਗਾ। ਜਦੋਂ ਕਿਤਾਬ ਪੜ੍ਹੀ ਤਾਂ ਪਤਾ ਲੱਗਾ ਕਿ ਕਾਵਿ ਨਾਟਕ ਲਿਖਣਾ ਵਾਕਿਆ ਹੀ ਬਹੁਤ ਬਰੀਕੀ ਦਾ ਕੰਮ ਹੈ। ਨਾਟਕ ਦਾ ਸਾਰਾ ਵਿਸ਼ਾ ਵਸਤੂ ਕਵਿਤਾ ਦੀਆਂ ਸਤਰਾਂ ਰਾਹੀਂ ਸਮੇਟਣਾਂ, ਪਾਤਰਾਂ ਦੀ ਬੋਲਚਾਲ, ਵੇਸ਼-ਭੂਸ਼ਾ ਦੇ ਨਾਲ ਨਾਲ ਮੰਚ ਦੇ ਮਾਹੌਲ ਦੀ ਹਰ ਨਿੱਕੀ ਨਿੱਕੀ ਚੀਜ਼ ਦਾ ਖ਼ਿਆਲ ਰੱਖਣਾ ਲੇਖਕ ਦੀ ਹੀ ਜ਼ਿੰਮੇਵਾਰੀ ਹੁੰਦੀ ਹੈ। ਰਵਿੰਦਰ ਰਵੀ ਜੀ ਦੇ ਅਨੇਕਾਂ ਨਾਟਕ ਭਾਰਤ ਦੀਆਂ ਵੱਖੋ ਵੱਖ ਸਟੇਜਾਂ 'ਤੇ ਖੇਡੇ ਜਾ ਰਹੇ ਹਨ ਅਤੇ ਕਾਵਿ-ਨਾਟਕ ਬਾਰੇ ਉਨ੍ਹਾਂ ਦੇ ਡੂੰਘੇ ਤਜਰਬੇ ਦੀ ਬਦੌਲਤ ਕਿਤਾਬ ਪੜ੍ਹਦਿਆਂ ਮੈਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਮੈਂ ਪਾਤਰਾਂ ਦੇ ਨਾਲ ਨਾਲ ਵਿਚਰ ਰਿਹਾ ਹੋਵਾਂ।

ਇਸ ਨਾਟਕ ਦੇ ਪਾਤਰਾਂ ਵਿਚ ਕਵੀ, ਕਵਿੱਤਰੀ, ਮਸਖਰਾ, ਆਈਸਿਸ ਦਾ ਕਮਾਂਡਰ ਅਤੇ ਸੈਨਿਕਾਂ ਦੇ ਨਾਲ ਦੋ ਹੋਰ ਆਮ ਪਾਤਰ ਹਨ। ਪਾਤਰਾਂ ਦੀ



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਜ਼ਿੰਦਗੀ ਪ੍ਰਤੀ ਸੋਚ, ਸਮਾਜ ਪ੍ਰਤੀ ਫ਼ਿਕਰਮੰਦੀ, ਆਈਸਿਸ ਦੀ ਧਰਮ ਪ੍ਰਤੀ ਕੱਟੜਤਾ ਅਤੇ ਸਮਾਜ ਪ੍ਰਤੀ ਨਫ਼ਰਤ ਨੂੰ ਬਹੁਤ ਹੀ ਸੋਹਣੇ ਕਾਵਿਕ ਸੰਵਾਦਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਇਹ ਸਾਰਾ ਨਾਟਕ ਆਪਣੇ ਅਸਤਿਤਵ ਪ੍ਰਤੀ ਕਾਵਿਕ ਸੰਵਾਦਾਂ ਦਾ ਮਜਮੂਆ ਹੈ।

ਅਤੇ
"ਅਸੀਂ ਜਿਊਣ ਲਈ ਜੰਮਦੇ
ਪਰ ਮਰਨ ਲਈ ਜਿਊਂਦੇ ਹਾਂ।"
ਦੇ ਸੰਕਲਪ ਦੁਆਲੇ ਘੁੰਮਦਾ ਹੈ

ਪਾਤਰਾਂ ਦੇ ਮੂੰਹੋਂ ਰਵਿੰਦਰ ਰਵੀ ਦੀ ਉੱਚ ਪਾਏ ਦੀ ਸ਼ਾਇਰੀ ਇਸ ਨਾਟਕ ਦੀ ਰੀੜ੍ਹ ਦੀ ਹੱਡੀ ਹੈ। ਪੇਸ਼ ਹਨ ਕੁਝ ਅੰਸ਼

ਅਜੋਕੇ ਸਮਾਜ ਵਿਚ ਆਪਣੀ ਹੋਂਦ ਵਾਸਤੇ ਮਨੁੱਖ ਜੋ ਜੱਦੋ ਜਹਿਦ ਕਰ ਰਿਹਾ ਹੈ ਉਸ ਨੂੰ ਇਕ ਆਮ ਪਾਤਰ ਦੇ ਮੂੰਹੋਂ ਇਸ ਤਰ੍ਹਾਂ ਕਹਾਇਆ ਗਿਐ:

ਹੋਂਦ ਆਪਣੀ ਨੂੰ ਮੈਂ ਸਮਝਣ,
ਦਾ ਯਤਨ ਫਿਰ ਕਰ ਰਿਹਾ ਹਾਂ।
ਫੇਰ ਧੂੰਆਂ ਫੜ ਰਿਹਾ ਹਾਂ,
ਫੇਰ ਧੂੰਆਂ ਫੜ ਰਿਹਾ ਹਾਂ।

ਇਕ ਔਰਤ ਦੀ ਮਰਦ 'ਤੇ ਨਿਰਭਰਤਾ ਨੂੰ ਇਕ ਕਵਿੱਤਰੀ ਪਾਤਰ ਦੇ ਮੂੰਹੋਂ ਇਹਨਾਂ ਸਤਰਾਂ ਰਾਹੀਂ ਦਰਸਾਇਆ ਜਾਣਾ ਵੀ ਕਮਾਲ ਹੈ :

ਛਾਂ ਵੀ, ਧੁੱਪ ਵੀ,
ਸੁਤੰਤਰ ਰੂਪ ਵਿਚ
ਮੇਰੀ ਨਹੀਂ।
ਇਹਨਾਂ ਨੂੰ ਵੀ ਆਪਣੀ ਹੋਂਦ ਲਈ,
ਸੂਰਜ ਚਾਹੀਦਾ ਹੈ।

ਇਨਸਾਨੀ ਭਟਕਣ ਨੂੰ ਰੂਪਮਾਨ ਕਰਦੇ ਹਨ ਇਕ ਕਵੀ ਪਾਤਰ ਦੇ ਇਹ ਸ਼ਬਦ :

ਸ਼ੀਸ਼ਾ ਪੁੱਠਾ ਕਿ ਮੈਂ ਪੁੱਠਾ
ਆਪਣੇ ਅੰਦਰ ਲਟਕ ਰਿਹਾ ਹਾਂ।
ਜੀਵਨ ਨੂੰ ਜੀਵਣ ਦੀ ਥਾਵੇਂ,
ਮ੍ਰਿਗਜਲੀ ਵਿਚ ਭਟਕ ਰਿਹਾ ਹਾਂ।



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਅਗਲੀਆਂ ਸਤਰਾਂ ਇਹ ਦਰਸਾਉਂਦੀਆਂ ਹਨ ਕਿ ਆਪਣੀ ਹੋਂਦ ਲਈ ਘੋਲ ਕਰਦੇ ਲੋਕ ਨਿਰਾਸ਼ਾਵਾਦੀ ਹੋ ਰਹੇ ਹਨ :

ਹੋਂਦ ਨਿਹੋਂਦ ਦੇ ਬਿਖੜੇ ਪੈਂਡੇ,
ਅੱਕ ਚੁੱਕੇ ਹਾਂ, ਥੱਕ ਚੁੱਕੇ ਹਾਂ।
ਮੰਤਵ-ਹੀਣੀ ਜੀਵਨ ਕਿਰਿਆ,
ਸ਼ੂਨਯ-ਬੋਧ 'ਚੋਂ ਚੱਖ ਚੁੱਕੇ ਹਾਂ।

ਆਈਸਿਸ ਕਮਾਂਡਰ ਅਤੇ ਸੈਨਿਕਾਂ ਦੀ ਸੋਚ ਨੂੰ ਵੀ ਕਮਾਲ ਦੇ ਸ਼ਬਦ ਦਿੱਤੇ ਹਨ ਰਵਿੰਦਰ ਰਵੀ ਜੀ ਨੇ :

ਸਾਰੇ ਵਿਸ਼ਵ ਵਿੱਚ ਕਰਨਾ,
ਜਹਾਦ ਹੈ ਜਿਹਾਦੀ ਨੇ।
ਪਿੰਡਾਂ ਸ਼ਹਿਰਾਂ ਨਗਰਾਂ ਵਿੱਚ,
ਈਨ ਮੰਨਣੀ ਆਬਾਦੀ ਨੇ।

ਅਤੇ

ਸ਼ਰੀਆ ਦੇ ਕਨੂੰਨ ਚੱਲਦੇ,
ਸਾਡੀ ਆਪਣੀ ਖ਼ਿਲਾਫ਼ਤ ਏ।
ਕਾਫ਼ਰਾਂ ਲਈ ਹੋਂਦ ਸਾਡੀ,
ਜਿਊਂਦੀ ਮੌਤ ਕਯਾਮਤ ਏ।

ਇਸ ਤਰ੍ਹਾਂ ਸਾਰਾ ਕਾਵਿ-ਨਾਟਕ ਵੱਖੋ ਵੱਖਰੇ ਪਾਤਰਾਂ ਵੱਲੋਂ ਆਪਣੀ ਹੋਂਦ ਨੂੰ ਪਰਿਭਾਸ਼ਿਤ ਕਰਨ ਦੁਆਲੇ ਘੁੰਮਦੈ। ਪਾਤਰ ਆਪਣੀ ਹੋਂਦ ਵਿਚਲੀ ਨਿਹੋਂਦ 'ਤੇ ਝੂਰਦੇ ਹਨ ਅਤੇ ਉਸ ਬਾਰੇ ਸੰਵਾਦ ਕਰਦੇ ਹਨ। ਹਰ ਕਾਵਿਕ ਸਤਰ ਆਪਣੇ ਆਪ ਵਿਚ ਹਜ਼ਾਰਾਂ ਭਾਵ-ਅਰਥ ਸਮੋਈ ਬੈਠੀ ਹੈ। ਇਸ ਨਾਟਕ ਨੂੰ ਸਮਝਣ ਲਈ ਜ਼ਿਹਨੀ ਪੱਧਰ ਵੀ ਇਸ ਦੇ ਬਰਾਬਰ ਦਾ ਹੋਣਾ ਜ਼ਰੂਰੀ ਹੈ। ਲੱਪ ਕੁ ਸ਼ਬਦਾਂ ਵਿੱਚ ਬ੍ਰਹਿਮੰਡ ਸਮੇਟਣ ਦੀ ਕੋਸ਼ਿਸ਼ ਹੈ ਇਹ ਕਾਵਿ-ਨਾਟਕ।

ਕਿਤਾਬ ਦੇ ਅਗਲੇ ਹਿੱਸੇ ਵਿਚ ਰਵਿੰਦਰ ਰਵੀ ਦੇ ਹੁਣ ਤੱਕ ਦੇ ਛਪੇ ਅਤੇ ਖੇਡੇ ਜਾ ਚੁੱਕੇ ਬਾਕੀ ਨਾਟਕਾਂ ਦੀ ਤਫ਼ਸੀਲ ਹੈ। ਕਿਹੜਾ ਨਾਟਕ ਕਿਸ ਸਮੇਂ ਤੇ ਕਿਸ ਟੀਮ ਵੱਲੋਂ ਖੇਡਿਆ ਗਿਆ ਅਤੇ ਨਾਟਕ ਦਾ ਵਿਸ਼ਾ ਵਸਤੂ ਕੀ ਸੀ, ਨਾਟਕ ਦੀ ਕੀ ਪ੍ਰਾਪਤੀ ਰਹੀ, ਹੁੰਗਾਰਾ ਕਿਸ ਤਰ੍ਹਾਂ ਦਾ ਮਿਲਿਆ, ਇਹਨਾਂ ਚੀਜ਼ਾਂ ਬਾਰੇ ਵਿਸਤਰਿਤ ਜਾਣਕਾਰੀ ਦਿੱਤੀ ਗਈ ਹੈ। ਰਵਿੰਦਰ ਰਵੀ ਸਾਹਿਬ ਦੇ ਹੁਣ ਤੱਕ 14 ਕਾਵਿ-ਨਾਟਕ ਆ ਚੁੱਕੇ ਹਨ ਜਿਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ :



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

1. ਬੀਮਾਰ ਸਦੀ, 2. ਚੌਕ ਨਾਟਕ, 3. ਰੂਹ ਪੰਜਾਬ ਦੀ, 4. ਸਿਫ਼ਰ ਨਾਟਕ, 5. ਮੱਕੜੀ ਨਾਟਕ, 6. ਪਛਾਣ ਨਾਟਕ, 7. ਮਨ ਦੇ ਹਾਣੀ, 8. ਮਖੌਟੇ ਤੇ ਹਾਦਸੇ, 9. ਚੱਕ੍ਰਵਯੂਹ ਤੇ ਪਿਰਾਮਿਡ, 10. ਅੱਧੀ ਰਾਤ ਦੁਪਹਿਰ, 11. ਰੁਕੇ ਹੋਏ ਯਥਾਰਥ, 12. ਹੋਂਦ ਨਿਹੋਂਦ, 13. ਆਪੋ ਆਪਣੇ ਦਰਿਆ, 14. ਦਰ ਦੀਵਾਰਾਂ

ਉਨ੍ਹਾਂ ਦੇ ਬਾਰਾਂ ਕਾਵਿ-ਨਾਟਕ ਭਾਰਤ ਦੀਆਂ ਵੱਖ ਵੱਖ ਸਟੇਜਾਂ 'ਤੇ ਖੇਡੇ ਜਾ ਚੁੱਕੇ ਹਨ ਅਤੇ ਇਹ ਹੱਥਲਾ ਨਾਟਕ ਹਾਲ ਹੀ ਵਿਚ 'ਮੰਚ-ਰੰਗਮੰਚ' ਦੇ ਕਲਾਕਾਰਾਂ ਵਲੋਂ ਨਾਮਵਰ ਰੰਗਕਰਮੀ ਸ੍ਰੀ ਕੇਵਲ ਸਿੰਘ ਧਾਲੀਵਾਲ ਜੀ ਦੇ ਨਿਰਦੇਸ਼ਨ ਹੇਠ 2 ਜੁਲਾਈ, 2016 ਨੂੰ ਵਿਰਸਾ ਵਿਹਾਰ, ਅੰਮ੍ਰਿਤਸਰ ਵਿਖੇ ਖੇਡਿਆ ਗਿਆ। ਆਖ਼ਰ ਵਿਚ ਇਕ ਹੋਰ ਕਾਮਯਾਬ ਕਾਵਿ-ਨਾਟਕ ਦੀ ਸਿਰਜਣਾ ਲਈ ਮੈਂ ਰਵਿੰਦਰ ਰਵੀ ਸਾਹਿਬ ਨੂੰ ਦਿਲੀ ਮੁਬਾਰਕਬਾਦ ਪੇਸ਼ ਕਰਦਾ ਹਾਂ।

ਰੀਵੀਊਕਾਰ **–ਰਾਜਵੰਤ ਰਾਜ** (ਕੈਨੇਡਾ)
"ਫੇਸ ਬੁੱਕ" (Facebook) ਉੱਤੇ
10 ਅਗਸਤ, 2016 ਨੂੰ ਪੋਸਟ ਕੀਤਾ ਗਿਆ



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

## ਅਜੋਕੇ ਜ਼ਿੰਦਗੀ ਵਿਚ ਖਲਲ ਪਾ ਰਹੇ ਵਰਤਾਰਿਆਂ ਦੀ ਪੇਸ਼ਕਾਰੀ : "ਆਪੋ ਆਪਣੇ ਦਰਿਆ"

ਰਵਿੰਦਰ ਰਵੀ ਪਰਵਾਸੀ ਪੰਜਾਬੀ ਸਾਹਿਤ ਹੀ ਨਹੀਂ, ਸਗੋਂ ਸਮੁੱਚੇ ਪੰਜਾਬੀ ਸਾਹਿਤ ਵਿਚ ਇਕ ਵਿਲੱਖਣ ਸਥਾਨ ਰੱਖਣ ਵਾਲਾ ਸਾਹਿਤਕਾਰ ਹੈ, ਜੋ ਨਿਰੰਤਰਤਾ ਨਾਲ ਸਾਹਿਤ ਰਚਨਾ ਕਰ ਰਿਹਾ ਹੈ। ਜਿੱਥੇ ਰਵਿੰਦਰ ਰਵੀ ਨੇ ਪੰਜਾਬੀ ਕਵਿਤਾ, ਵਾਰਤਕ, ਸਫ਼ਰਨਾਮਾ, ਨਾਟਕ, ਕਹਾਣੀ, ਸਮੀਖਿਆ ਅਤੇ ਸੰਪਾਦਨਾ ਦੇ ਖੇਤਰ ਵਿਚ ਵਿਸ਼ੇਸ਼ ਸਥਾਨ ਬਣਾਇਆ ਹੈ, ਉੱਥੇ ਪੰਜਾਬੀ ਕਾਵਿ-ਨਾਟਕ ਵਿਚ ਵੀ ਰਵੀ ਦਾ ਯੋਗਦਾਨ ਜ਼ਿਕਰਯੋਗ ਹੈ।

"ਆਪੋ ਆਪਣੇ ਦਰਿਆ" ਰਵਿੰਦਰ ਰਵੀ ਦਾ ਤੇਰ੍ਹਵਾਂ ਕਾਵਿ-ਨਾਟਕ ਹੈ, ਜਿਸ ਵਿਚ ਉਸ ਨੇ ਅਜੋਕੀ ਜ਼ਿੰਦਗੀ ਵਿਚ ਖਲਲ ਪਾ ਰਹੇ ਵਰਤਾਰਿਆਂ ਅਤੇ ਵਿਸੰਗਤੀਆਂ ਨੂੰ ਪੇਸ਼ ਕੀਤਾ ਹੈ। ਇਹ ਵਰਤਾਰੇ ਮਨੁੱਖੀ ਮਾਨਸਿਕਤਾ ਵਿਚ ਇਕ ਅਜੀਬ ਕਿਸਮ ਦੀ ਖਿੱਚੋਤਾਣ ਅਤੇ ਟੁੱਟ ਭੱਜ ਨੂੰ ਜਨਮ ਦੇ ਰਹੇ ਹਨ।

ਇਸ ਕਾਵਿ-ਨਾਟਕ ਦੇ ਨਾਟਕਕਾਰ ਨੇ 10 ਨਾਟ-ਦ੍ਰਿਸ਼ ਨਿਸ਼ਚਿਤ ਕੀਤੇ ਹਨ, ਜਿਨ੍ਹਾਂ ਵਿਚ ਫਲਸਫੀ ਤੇ ਜੱਗਿਆਸੂ, ਪੁੱਤਰ ਤੇ ਕਵੀ, ਪਿਤਾ, ਮਾਂ, ਨੇਤਾ, ਦੱਲਾ, ਗਸ਼ਤੀ, ਬਾਬਾ, ਕੁੜੀ-1, ਕੁੜੀ-2 ਆਦਿ ਪਾਤਰ ਵੱਖ-ਵੱਖ ਨਾਟ-ਦ੍ਰਿਸ਼ਾਂ ਤਹਿਤ ਆਪਸੀ ਸੰਵਾਦ ਰਚਾਉਂਦੇ ਹਨ। ਪਰ ਪਹਿਲੇ ਨਾਟ-ਦ੍ਰਿਸ਼ ਵਿਚ ਸਾਰੇ ਪਾਤਰ 'ਕੋਰਸ' ਦੇ ਰੂਪ ਵਿਚ ਕਾਵਿ-ਸਤਰਾਂ ਉਚਾਰਦੇ ਹੋਏ, ਨਾਟਕ ਵਿੱਚੋਂ ਉਭਰਨ ਵਾਲੇ ਮੂਲ ਸੁਰ ਨੂੰ 'ਖੁੱਲ੍ਹੇ ਦਰਾਂ ਵਿਚ ਅਟਕੀਆਂ ਦੀਵਾਰਾਂ', 'ਅੰਗਿਆਰਾਂ', 'ਮਹਿਕਾਂ ਦੀ ਵਿਥਿਆ' ਦੇ ਚਿਹਨਾਂ ਦੇ ਰੂਪ ਵਿਚ ਅੰਕਿਤ ਕਰਦੇ ਹਨ।

ਇਸ ਕਾਵਿ-ਨਾਟਕ ਵਿਚਲਾ ਹਰੇਕ ਪਾਤਰ ਜਦੋਂ ਆਪਣੀ ਸੰਵਾਦੀ ਸੁਰ ਦੂਜੇ ਪਾਤਰਾਂ ਨਾਲ ਸਾਂਝੀ ਕਰਦਾ ਹੈ, ਤਾਂ ਉਸ ਵਿੱਚੋਂ ਉਸ ਦਾ ਆਪਣਾ ਸੱਚ ਨਜ਼ਰੀਂ ਪੈਂਦਾ ਹੈ, ਭਾਵੇਂ ਕਿ ਦੂਜੇ ਦੀ ਸੰਵਾਦੀ ਸੁਰ ਉਸ ਦੇ ਵਿਰੋਧ ਵਿਚ ਹੀ



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਕਿਉਂ ਨਾ ਵਿਚਰਦੀ ਹੋਵੇ। ਇਸ ਕਾਵਿ-ਨਾਟਕ ਵਿਚ ਪਰੰਪਰਾ-ਆਧੁਨਿਕਤਾ ਦਾ ਸੰਵਾਦ ਵੀ ਹੈ, ਰਿਸ਼ਤਿਆਂ ਦੀ ਉਲਝੀ ਤਾਣੀ ਵੀ ਹੈ, ਭ੍ਰਿਸ਼ਟਾਚਾਰੀ ਵਰਤਾਰਾ ਵਰਤਾ ਰਹੀਆਂ ਤਾਕਤਾਂ ਵੀ ਹਨ, ਮੰਡੀ ਸੱਭਿਆਚਾਰ ਅਤੇ ਦੇਹੀਵਾਦ ਵੀ ਹੈ ਪਰ ਹਰ ਪਾਤਰ ਦਾ ਆਪਣਾ ਤਰਕ ਹੈ। ਇਨ੍ਹਾਂ ਦੇ ਆਪਸੀ ਸੰਵਾਦ ਵਿਚੋਂ ਪਾਠਕ ਜੀਵਨ-ਯਥਾਰਥ ਦਾ ਇਕ ਬਹੁ-ਪੱਖੀ ਸੁਨੇਹਾ ਗ੍ਰਹਿਣ ਕਰਦਾ ਹੈ। ਪੁਸਤਕ ਦੇ ਅਗਲੇ ਹਿੱਸਿਆਂ ਵਿਚ ਰਵਿੰਦਰ ਰਵੀ ਦੇ ਖੇਡੇ ਨਾਟਕਾਂ ਦਾ ਵੇਰਵਾ, ਮਿਲੇ ਮਾਨ ਸਨਮਾਨ ਅਤੇ ਉਸਦੀਆਂ ਰਚਨਾਵਾਂ 'ਤੇ ਹੋਏ ਖੋਜ-ਕਾਰਜਾਂ ਦਾ ਵੇ ਰਵਾ ਵੀ ਹੈ।

ਪੁਸਤਕ : ਆਪੋ ਆਪਣੇ ਦਰਿਆ ਨਾਟਕਕਾਰ : ਰਵਿੰਦਰ ਰਵੀ
ਮੁੱਲ : 325 ਰੁਪਏ, ਪੰਨੇ : 190, ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ

**-ਡਾ. ਸਰਦੂਲ ਸਿੰਘ ਔਜਲਾ**

'ਪੰਜਾਬੀ ਜਾਗਰਣ', ਜਲੰਧਰ, ਭਾਰਤ, 28 ਫਰਵਰੀ, 2016



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

## ਆਪੋ ਆਪਣੇ ਦਰਿਆ

ਹਥਲੀ ਪੁਸਤਕ ਰਵਿੰਦਰ ਰਵੀ ਦੁਆਰਾ ਰਚਿਤ 13ਵਾਂ ਕਾਵਿ-ਨਾਟਕ ਹੈ। ਰਵਿੰਦਰ ਰਵੀ ਮੂਲੋਂ ਹੀ ਨਵੀਂ ਕਾਵਿ-ਨਾਟ ਪਰਿਪਾਟੀ ਦਾ ਸਿਰਜਕ ਰਿਹਾ ਹੈ। ਉਸ ਦੇ ਕਾਵਿ-ਨਾਟਕ ਉੱਚ ਦਰਜੇ ਦੇ ਭਾਰਤੀ ਰੰਗਕਰਮੀਆਂ ਦੀ ਪੇਸ਼ਕਾਰੀ ਜ਼ਰੀਏ ਦਰਸ਼ਕਾਂ ਦੇ ਸਨਮੁਖ ਹੁੰਦੇ ਰਹੇ ਹਨ। ਇਹ ਨਾਟਕਕਾਰ ਆਧੁਨਿਕ ਅਤੇ ਅਤਿ-ਆਧੁਨਿਕਤਾ ਦੇ ਸੰਦਰਭਾਂ ਨੂੰ ਪਛਾਣਦਾ ਹੋਇਆ ਅਜੋਕੇ ਯੁੱਗ ਬੋਧ ਦੇ ਅੰਤਰਗਤ ਸਮਝੀਆਂ ਜਾ ਰਹੀਆਂ ਸਮਾਜਿਕ, ਧਾਰਮਿਕ, ਰਾਜਸੀ, ਦਾਰਸ਼ਨਿਕ ਸਮੱਸਿਆਵਾਂ ਸੰਬੰਧੀ ਵੀ ਗੂੜ੍ਹ-ਗਿਆਨ ਰੱਖਦਾ ਹੈ ਅਤੇ ਇਸੇ ਪ੍ਰਸੰਗਿਕਤਾ 'ਚ ਹੱਥਲਾ ਕਾਵਿ-ਨਾਟਕ ਅਜਿਹੇ ਦਸ ਦ੍ਰਿਸ਼ ਪੇਸ਼ ਕਰਦਾ ਹੈ, ਜਿਨ੍ਹਾਂ 'ਚ ਅਜੋਕੇ ਛਿਣ-ਭੰਗਰ ਹੋ ਚੁੱਕੇ ਵਿਸ਼ਵ-ਪੱਧਰ ਦੇ ਮਾਨਵ ਦੀ ਹਸਤੀ ਗ੍ਰਸੀ ਗਈ ਹੈ, ਜਿਸ ਦੇ ਸਿੱਟੇ ਵਜੋਂ ਸਿਆਸਤ 'ਚ ਘੋਰ-ਅਪਰਾਧ ਹੋ ਰਹੇ ਹਨ। ਪਰਿਵਾਰਵਾਦ ਦਾ ਬੋਲ-ਬਾਲਾ ਹੈ, ਪਤੀ ਪਤਨੀ ਅਤੇ ਘਰ-ਪਰਿਵਾਰ ਦੇ ਆਪਸੀ ਸੰਬੰਧ ਤਿੜਕ ਰਹੇ ਹਨ, ਪੁਰਾਣੇ ਨੈਤਿਕ ਮੁੱਲ ਨਵੇਂ ਮਾਪਦੰਡਾਂ ਨਾਲ ਟੱਕਰਾਓ 'ਚ ਆ ਚੁੱਕੇ ਹਨ, ਪੀੜ੍ਹੀ-ਪਾੜਾ ਵਧ ਗਿਆ ਹੈ, ਘਰ ਘਰ ਨਹੀਂ ਰਹੇ, ਜੀਵਨ ਸ਼ੈਲੀ, ਧਰਮ ਕਰਮ, ਨੀਤੀ ਦਰਸ਼ਨ, ਗੱਲ ਕੀ ਹਰੇਕ ਤਰ੍ਹਾਂ ਦੀ ਇਨਸਾਨੀਅਤ ਨੂੰ ਖੋਰਾ ਲੱਗ ਚੁੱਕਾ ਹੈ। ਬਿਰਖ ਤਾਂ ਕਿਤੇ ਰਿਹਾ, ਹਰ ਟਾਹਣੀ ਵੀ ਕਿਤੇ ਰਹੀ, ਪੱਤਾ ਪੱਤਾ ਆਪਣਾ ਦਰਿਆ ਵਹਾਅ ਰਿਹਾ (ਉੱਖੜ ਰਿਹਾ) ਹੈ। ਸਿੱਟੇ ਵਜੋਂ ਸਮੁੱਚੀ ਮਾਨਵਤਾ ਬਾਜ਼ਾਰ ਦੀ ਵਸਤੂ ਹੋ ਚੁੱਕੀ ਹੈ ਅਤੇ ਨਿੱਜੀ ਗਰਜ਼ਾਂ 'ਚ ਸਿਮਟ ਚੁੱਕੀ ਹੈ। ਅਜਿਹੇ ਅਨੇਕਾਂ ਸੰਦਰਭਾਂ ਨੂੰ ਇਹ ਕਾਵਿ-ਨਾਟਕ, 'ਫਲਸਫੀ', 'ਜਗਿਆਸੂ', 'ਪੁੱਤਰ', 'ਕਵੀ' 'ਨੇਤਾ', 'ਮਾਂ', 'ਪਿਤਾ', 'ਕੁੜੀ', 'ਬਾਬਾ' ਤੇ 'ਗਸ਼ਤੀ' ਆਦਿ ਪਾਤਰਾਂ ਦੇ ਤਿੱਖੇ ਪਰ ਸਾਰਥਕ ਵਾਰਤਾਲਾਪਾਂ ਜ਼ਰੀਏ



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਸਫ਼ਲਤਾਪੂਰਵਕ ਪੇਸ਼ ਕਰਦਾ ਹੈ। ਨਾਟਕਕਾਰ ਨੇ ਵਿਭਿੰਨ ਨਾਟਕਾਂ ਨੂੰ ਪੇਸ਼ ਕਰਨ ਦੀ ਜੁਗਤ ਵੀ ਦਰਸਾਈ ਹੈ।

ਮੁੱਲ : 325 ਰੁਪਏ, ਸਫੇ : 190
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ ਫ਼ੋਨ : 011-23264342

**–ਡਾ. ਜਗੀਰ ਸਿੰਘ ਨੂਰ**
'ਅਜੀਤ', ਜਲੰਧਰ ਭਾਰਤ 3 ਜਨਵਰੀ, 2016



## ਸੋਚਵਾਨ ਤੇ ਸੰਵੇਦਨਸ਼ੀਲ ਮਨੁੱਖ ਦੀ ਸ਼ਾਇਰੀ : "ਨਿਹੋਂਦ ਦਾ ਗੀਤ" (Being and Nothingness)

"ਨਿਹੋਂਦ ਦਾ ਗੀਤ" ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਸ਼ਾਇਰ ਰਵਿੰਦਰ ਰਵੀ ਦੀ ਨਵੀਂ ਪੁਸਤਕ ਹੈ। ਰਵੀ ਬਹੁ-ਵਿਧਾਵੀ, ਬਹੁ-ਰੰਗ ਕਲਮ ਦਾ ਮਾਲਕ ਹੈ। ਕਵਿਤਾ, ਕਹਾਣੀ ਤੇ ਨਾਟਕ ਦੀਆਂ ਕਈ ਪੁਸਤਕਾਂ ਲਿਖਣ ਪਿੱਛੋਂ ਅਜੇ ਵੀ ਉਹ ਅਜੋਕੇ ਹਾਲਾਤ ਤੋਂ ਪ੍ਰਭਾਵਿਤ ਲਗਾਤਾਰ ਅਰਥ-ਪੂਰਨ ਕਾਵਿ-ਰਚਨਾ ਕਰ ਰਿਹਾ ਹੈ।

"ਨਿਹੋਂਦ ਦਾ ਗੀਤ" ਵਿਚ ਇਹ ਕਾਵਿ ਇਸ ਤਰ੍ਹਾਂ ਹੈ, ਜਿਸ ਤਰ੍ਹਾਂ ਕੋਈ ਉੱਚੀ ਥਾਂ 'ਤੇ ਖੜ੍ਹਾ, ਦੁਨੀਆਂ ਦੇ ਵਰਤਾਰਿਆਂ ਨੂੰ ਤੱਕਦਿਆਂ, ਉਨ੍ਹਾਂ ਬਾਰੇ ਆਪਣੇ ਮਨ ਨਾਲ ਸੰਵਾਦ ਰਚਾਵੇ। ਉਮਰ ਦਾ ਇਹ ਅੱਠਵਾਂ ਦਹਾਕਾ ਸ਼ਾਇਰ ਦੀ ਪ੍ਰੌੜ੍ਹ ਸੋਚ ਵਿਚੋਂ ਅਜੋਕੇ ਗਲੋਬਲੀ ਵਰਤਾਰਿਆਂ ਤੋਂ ਪ੍ਰਭਾਵਿਤ ਸਮਾਜ ਦੀ ਚਿਤਰਾਵਲੀ ਨਾਲ ਉਪਰੋਕਤ ਕਥਨ ਵਾਂਗ ਹੀ ਸੰਵਾਦ ਕਰਦਾ ਹੈ।

ਰਵਿੰਦਰ ਰਵੀ ਨੇ ਭਾਰਤ ਤੋਂ ਪਰਵਾਸ ਕਰਕੇ ਕੈਨੇਡਾ ਤਕ ਜ਼ਿੰਦਗੀ ਗੁਜ਼ਾਰਦਿਆਂ ਹੋਰ ਦੇਸ਼ਾਂ ਦੀ ਯਾਤਰਾ ਵੀ ਕੀਤੀ। ਇਸ ਪਰਵਾਸ ਦੌਰਾਨ ਬਹੁ-ਪੱਖੀ ਵਰਤਾਰਿਆਂ ਦੇ ਅਨੇਕ ਰੂਪਾਂ ਦੇ ਤਜਰਬੇ ਹਾਸਲ ਕੀਤੇ। ਚੁਫੇਰੇ ਵਿਚ ਹੋ ਰਹੀ ਹਿਲਜੁਲ ਦਾ ਅਸਰ ਸੰਵੇਦਨਸ਼ੀਲ ਤੇ ਸੋਚਵਾਨ ਮਨੁੱਖ ਦੇ ਮਨ 'ਤੇ ਪੈਣਾ ਲਾਜ਼ਮੀ ਹੁੰਦਾ ਹੈ। ਇਸੇ ਤਰ੍ਹਾਂ ਰਵਿੰਦਰ ਰਵੀ ਨਾਲ ਹੋਇਆ ਤੇ ਉਹ ਸਭ ਕੁਝ ਵੱਖ ਵੱਖ ਰੂਪ ਧਾਰ ਕੇ ਰਚਨਾਵਾਂ ਵਿਚ ਉਤਰਦਾ ਵੀ ਰਿਹਾ ਤੇ ਇਸ ਤਰ੍ਹਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਅਨੋਮਲ ਸਾਹਿਤਕ ਰਚਨਾਵਾਂ ਪੈਂਦੀਆਂ ਰਹੀਆਂ।

"ਨਿਹੋਂਦ ਦਾ ਗੀਤ" ਸਿਰਲੇਖ ਵਾਲੀ 152 ਪੰਨਿਆਂ ਦੀ ਕਾਵਿ-ਪਸਤਕ ਵਿਚ ਕੁਲ ਪੰਜਾਹ ਕਵਿਤਾਵਾਂ ਹਨ। ਸ਼ੁਰੂ ਵਿਚ ਪਹਿਲਾਂ ਲੇਖਕ ਰਚਿਤ ਪੁਸਤਕਾਂ

ਦੇ ਵਿਸ਼ਾਲ ਭੰਡਾਰ ਦਾ ਵਰਨਣ ਹੈ ਤੇ ਅੰਤ ਵਿਚ ਪੰਜਾਬੀ ਦੇ ਨਾਲ-ਨਾਲ ਹਿੰਦੀ, ਅੰਗਰੇਜ਼ੀ ਤੇ ਸ਼ਾਹਮੁਖੀ ਵਿਚ ਛਪੀਆਂ ਪੁਸਤਕਾਂ ਦੇ ਵੇਰਵੇ ਦੇ ਨਾਲ-ਨਾਲ ਇਸ ਸਾਹਿਤ 'ਤੇ ਹੋਏ ਖੋਜ ਕਾਰਜਾਂ ਦਾ ਤੇ ਮਿਲੇ ਮਾਨਾਂ-ਸਨਮਾਨਾਂ ਦਾ ਜ਼ਿਕਰ ਵੀ ਹੈ।

ਸ਼ਾਇਰ ਦੇ ਅਨੁਭਵ ਦੇ ਮੁਤਾਬਿਕ ਕਵਿਤਾਵਾਂ ਦੇ ਵਿਸ਼ਿਆਂ 'ਚ ਵਿਭਿੰਨਤਾ ਹੈ। ਉਨ੍ਹਾਂ ਦਾ ਵਿਸ਼ਾਲ ਵਿਸ਼ਿਆਂ ਨੂੰ ਥੋੜ੍ਹੇ ਪਰ ਸਮਰੱਥ ਸ਼ਬਦਾਂ ਰਾਹੀਂ ਸੁਚੱਜੀ ਸੰਖੇਪਤਾ ਨਾਲ ਸਮੇਟ ਦੇਣ ਦਾ ਵਿਲੱਖਣ ਗੁਣ ਬਹੁਤ ਪ੍ਰਭਾਵਿਤ ਕਰਦਾ ਹੈ। ਹਰੇਕ ਉਮਰ 'ਤੇ ਅਜੋਕੇ ਸਮੇਂ ਦੇ ਪ੍ਰਭਾਵ ਦੇ ਪੈ ਰਹੇ ਅਸਰਾਂ ਨੂੰ ਕਵਿਤਾ ਰਾਹੀਂ ਖ਼ੂਬਸੂਰਤੀ ਨਾਲ ਚਿਤਰਿਆ ਗਿਆ ਹੈ, ਜਿਵੇਂ ਜਵਾਨੀ ਦੀ ਉਮਰ ਦੀ ਉਦਾਸੀ :

ਘਰ : ਅਕੇਵਾਂ ਹੈ, ਥਕੇਵਾਂ ਹੈ !!!
ਘਰ ਦਾ ਮਾਹੌਲ,
ਸਲੀਪਿੰਗ ਗੈਸ ਵਰਗਾ,
ਨਿੰਦਰਾਇਆ, ਸੁਸਤ, ਆਲਸੀ !

ਵਰ੍ਹਿਆਂ ਦੇ ਪਰਬਤ ਦੀ ਚੋਟੀ ਤੋਂ ਤੱਕਦਿਆਂ ਇਨਸਾਨ ਜਦੋਂ ਜ਼ਿੰਦਗੀ ਦੇ ਵਰਤਾਰਿਆਂ ਦੀ ਪਾਰਦਰਸ਼ਤਾ ਤੇ ਅਪਾਰਦਰਸ਼ਤਾ ਦੇ ਵਿਚਕਾਰ ਛੁਪੀਆਂ/ਅਣਛੁਪੀਆਂ ਪਰਿਭਾਸ਼ਾਵਾਂ 'ਤੇ ਨਜ਼ਰ ਮਾਰਦਾ ਹੈ, ਤਾਂ ਆਪਣੇ ਵਿਚਾਰਾਂ ਰਾਹੀਂ ਨਵੀਂ ਸ਼ਬਦਾਵਲੀ/ਅਰਥਾਵਲੀ ਦੀ ਸਿਰਜਣਾ ਹੁੰਦੀ ਹੈ, ਜਿਵੇਂ "ਨਿਹੋਂਦ ਦਾ ਗੀਤ" :

ਕੀ ਅਰਥ ਤੇਰਾ ? ਕੀ ਅਰਥ ਮੇਰਾ ?
ਇਹ ਪਿਆਰ ਹੈ ਕਿ ਇਹ ਕ੍ਰੋਧ ਮੇਰਾ ?
ਮੇਰੀ ਹਸਤੀ ਹਾਂ-ਮੁੱਖ, ਨਾਂਹ-ਮੁੱਖ ਹੈ,
ਮੇਰੀ ਹਸਤੀ ਵਿਚ ਵਿਰੋਧ ਮੇਰਾ।

ਤੇ

'ਬਾਹਰ' ਨੂੰ ਆਪਣੇ ਰੰਗ ਰੰਗਣ ਦੀ
ਅਸੀਂ ਰੱਟ ਲਗਾਈ
ਬਾਹਰ ਨੇ ਹੀ ਕਰ ਦਿੱਤੀ ਹੈ
ਅੰਦਰ ਦੀ ਰੁਸਵਾਈ (ਮੈਂ-ਕੈਦ)
... ...
ਹਵਾਵਾਂ ਦੀ ਬੋਲੀ ਬੋਲਦੇ ਬੋਲਦੇ
ਵਰੋਲਿਆਂ 'ਚ ਘਿਰ ਗਏ (ਵਰੋਲੇ ਤੇ ਦਾਵਾਨਲ)



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਰਵਿੰਦਰ ਰਵੀ ਖ਼ੁਦ ਮਹਿਸੂਸ ਕਰਦਾ ਹੈ ਕਿ ਨਿੱਕੀਆਂ ਨਿੱਕੀਆਂ ਘਟਨਾਵਾਂ, ਕਈ ਵਾਰ, ਗੰਭੀਰ ਮਨੋਕਿਰਿਆਵੀ ਪ੍ਰਤੀਕਰਮਾਂ ਨੂੰ ਜਨਮ ਦੇਂਦੀਆਂ ਹਨ। ਅਜਿਹੇ ਪ੍ਰਤੀਕਰਮ ਦੀ ਖ਼ੂਬਸੂਰਤ ਉਦਾਹਰਣ ਹੈ ਕਵਿਤਾ : 'ਉਡੀਕ', ਜੋ ਮਨ ਨੂੰ ਗਹਿਰੇ ਛੂਹ ਕੇ ਹੁਲਾਸ ਭਰਦੀ ਹੈ ਤੇ ਅਗਲੇ ਹੀ ਪਲ ਉਦਾਸ ਕਰ ਦੇਂਦੀ ਹੈ :

ਸਵੇਰ ਤੋਂ ਕੋਈ ਨਹੀਂ ਆਇਆ ...
ਪੰਛੀ ਆਇਆ ਸੀ ...
ਜ਼ਿੰਦਗੀ ਹੁਣੇ ਹੁਣੇ ਆਈ ਸੀ,
ਹੁਣੇ ਹੁਣੇ ਗਈ ਹੈ।

ਬਹੁਤ ਸਾਰੇ ਅਜੋਕੇ ਉਲਾਰ ਵਰਤਾਰੇ ਵੀ ਕਵਿਤਾ ਦਾ ਵਿਸ਼ਾ ਬਣੇ ਹਨ, ਜਿਵੇਂ : 'ਵਿਆਹ : ਤਿੰਨ ਪ੍ਰਭਾਵ', 'ਦਹਿਸ਼ਤ ਦੇ ਮਖੌਟੇ', 'ਨਾਂਹ ਦਾ ਨਾਂਹਕਰਨ', 'ਅੰਤਮ ਸਸਕਾਰ : ਇਕ ਪ੍ਰਭਾਵ ਸਕੇਪ', 'ਮੁੱਖ-ਪੋਥੀ ਪਰਵਾਰ (ਫੇਸ ਬੁੱਕ ਪਰਵਾਰ)' ਅਤੇ 'ਨਵੇਂ ਇਸ਼ਕ ਦੇ ਨਵੇਂ ਖ਼ੁਦਾ' ਆਦਿਕ।

ਇਹ ਸਮੁੱਚੇ ਤੌਰ 'ਤੇ ਇਕ ਸੋਚਵਾਨ ਤੇ ਸੰਵੇਦਨਸ਼ੀਲ ਮਨੁੱਖ ਦੀ ਸ਼ਾਇਰੀ ਹੈ, ਜਿਸਨੇ ਜ਼ਿੰਦਗੀ ਦੇ ਵਿਸ਼ਾਲ ਕੈਨਵਸ ਦੇ ਅਨੇਕ ਰੰਗਾਂ ਤੇ ਚਿਤਰਾਂ ਨਾਲ ਸੰਵਾਦ ਰਚਾਇਆ, ਤੇਜ਼ੀ ਨਾਲ ਬਦਲੇ ਤੇ ਬਦਲ ਰਹੇ ਵਰਤਾਰੇ ਜਿਸ ਤਰ੍ਹਾਂ ਉਸ ਦੇ ਹੱਸਾਸ ਮਨ ਨੂੰ ਛੂੰਹਦੇ ਹਨ, ਅੰਦਰਲੇ ਭਾਵਾਂ ਨਾਲ ਪ੍ਰਤੀਕਿਰਿਆ ਕਰਕੇ ਸਹਿਜੇ ਤੇ ਸੁਹਜ ਭਰੇ ਕਾਵਿ ਵਿਚ ਢਲਦੇ ਹਨ। ਇਹ ਕਵਿਤਾ ਪਾਠਕ ਨੂੰ ਟੁੰਬਦੀ ਤਾਂ ਹੈ ਹੀ, ਨਾਲ ਹੀ ਉਸਨੂੰ ਆਪਣੇ ਤੇ ਚੁਫੇਰੇ ਵਾਪਰ ਰਹੇ ਕਈ ਕੁਝ ਬਾਰੇ ਸੋਚਣ ਵਾਸਤੇ ਮਜਬੂਰ ਵੀ ਕਰਦੀ ਹੈ ਤੇ ਸ਼ਾਇਰੀ ਪੜ੍ਹਨਾ ਪਾਠਕ ਦਾ ਹਾਸਲ ਬਣਦਾ ਹੈ।

**–ਅਰਤਿੰਦਰ ਸੰਧੂ**

'ਸਾਹਿਤਕ ਏਕਮ', ਮਾਰਚ-ਜੂਨ, 2016 (ਪੰਨਾ 67-68)
ਅੰਮ੍ਰਿਤਸਰ, ਭਾਰਤ



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

# ਖਾਨਾਬਦੋਸ਼ ਬਿਰਤੀ ਵਾਲਾ ਰਵਿੰਦਰ ਰਵੀ



**ਗੁਲਜ਼ਾਰ ਸਿੰਘ ਸੰਧੂ**


IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

# ਖਾਨਾਬਦੋਸ਼ ਬਿਰਤੀ ਵਾਲਾ ਰਵਿੰਦਰ ਰਵੀ

ਮੇਰੇ ਰਚਨਾ ਕਾਲ ਦੇ ਮੁੱਢਲੇ ਵਰ੍ਹਿਆਂ ਦੌਰਾਨ ਦਿੱਲੀ ਵਿਖੇ ਤਾਰਾ ਸਿੰਘ ਕਾਮਲ, ਹਰਿਭਜਨ ਸਿੰਘ ਤੇ ਅਜੀਤ ਕੌਰ ਅਤੇ ਜਲੰਧਰ ਵਿੱਚ ਰਵਿੰਦਰ ਰਵੀ, ਜਸਬੀਰ ਸਿੰਘ ਆਹਲੂਵਾਲੀਆ ਤੇ ਸੁਖਪਾਲਵੀਰ ਸਿੰਘ ਹਸਰਤ ਬੜੇ ਕਰਮਸ਼ੀਲ ਸਨ। ਹਰਿਭਜਨ ਸਿੰਘ ਦੀ ਰਚਨਾਕਾਰੀ ਤੇ ਪੇਸ਼ਕਾਰੀ ਦੋਵੇਂ ਕਮਾਲ ਦੇ ਸਨ। ਤਾਰਾ ਸਿੰਘ ਕਾਮਲ, ਮਹਿਫ਼ਿਲ ਦਾ ਬਾਦਸ਼ਾਹ ਸੀ। ਅਜੀਤ ਉੱਦਮੀ ਤੇ ਧੜੱਲੇਦਾਰ। ਜਲੰਧਰ ਵਾਲਿਆਂ ਵਿੱਚੋਂ ਜਸਬੀਰ ਆਹਲੂਵਾਲੀਆ ਆਪਣੀ ਵਿਦਵਾਨੀ ਸੋਚ ਨੂੰ ਅਫ਼ਸਰੀ ਫਿਆਜ਼ੀਆਂ ਨਾਲ ਚਮਕਾਉਣ ਦਾ ਮਾਹਿਰ ਸੀ। ਹਸਰਤ ਹਰ ਚੜ੍ਹਦੇ ਸੂਰਜ ਦਾ ਛੋਟਾ ਭਾਈ ਬਣ ਬਹਿੰਦਾ ਸੀ ਤੇ ਰਵੀ ਸ਼ਬਦਾਂ, ਬੋਲਾਂ ਤੇ ਵਾਕਾਂ ਰਾਹੀਂ ਚਿਣਗਾਂ ਪੈਦਾ ਕਰਨ ਵਿੱਚ ਰੁੱਝਿਆ ਰਹਿੰਦਾ ਸੀ।

ਉਨ੍ਹਾਂ ਸਮਿਆਂ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਤਿੰਨ ਬਰਾਂਚਾਂ ਜਗਤਪੁਰ, ਬਰਨਾਲਾ ਤੇ ਰਾਮਪੁਰ ਸਭ ਦੀ ਆਪੋ-ਆਪਣੀ ਬੁਲੰਦੀ ਸੀ। ਰਵਿੰਦਰ ਰਵੀ ਤੇ ਮਹਿੰਦਰ ਸਿੰਘ ਦੁਸਾਂਝ, ਜਗਤਪੁਰ ਲਿਖਾਰੀ ਸਭਾ ਦੇ ਸਰਗਨਾ ਸਨ ਅਤੇ ਹਰ ਤਰ੍ਹਾਂ ਦੀ ਸਰਕੋਬੀ ਲਈ ਵਚਨਬੱਧ। ਰਵਿੰਦਰ ਰਵੀ ਨੇ ਆਹਲੂਵਾਲੀਆ ਤੇ ਹਸਰਤ ਨਾਲ ਮਿਲ ਕੇ ਸਾਹਿਤਕ ਪ੍ਰਯੋਗ ਦੀ ਲਹਿਰ ਚਲਾਈ ਤੇ ਈਸ਼ਰ ਸਿੰਘ ਅਟਾਰੀ ਨਾਲ ਮਿਲ ਕੇ ਪੰਜਾਬੀ ਸਮੀਖਿਆ ਬੋਰਡ ਦੀ ਸਥਾਪਨਾ ਕੀਤੀ।

ਰਵਿੰਦਰ ਰਵੀ ਦੀ ਜੀਵਨ ਸ਼ੈਲੀ ਖਾਨਾਬਦੋਸ਼ਾਂ ਵਾਲੀ ਹੈ। ਉਹ ਪਿਛਲੀ ਅੱਧੀ ਸਦੀ ਆਪਣੇ ਵਸਤਰਾਂ ਦਾ ਬੁਗਚਾ ਚੁੱਕੀ ਦੁਨੀਆਂ ਦੇ ਹਰ ਸੰਭਵ ਸ਼ਹਿਰ ਤੇ ਕਸਬੇ ਵਿੱਚ ਘੁੰਮਿਆਂ ਹੈ। ਉਸ ਦਾ ਰੋਜ਼ਾਨਾ ਵਰਤੋਂ ਦਾ ਸਾਮਾਨ ਉਸ ਦੀ ਪਿੱਠ ਉੱਤੇ ਹੁੰਦਾ ਸੀ ਤਾਂ ਸ਼ਬਦਾਂ ਦਾ ਜੰਗਲ ਉਸ ਦੇ ਦਿਮਾਗ਼ ਵਿੱਚ। ਉਸ ਦਾ ਜੀਵਨ ਤੇ ਰਚਨਾ ਪ੍ਰਤੀਕੂਲ ਥਾਵਾਂ ਵਿੱਚ ਵਾਸੇ ਤੇ ਇਨ੍ਹਾਂ ਦੀ ਬਿਆਨਕਾਰੀ ਵਿੱਚ ਓਤ ਪ੍ਰੋਤ ਹੈ। ਸ਼ਬਦ ਤੇ ਅਰਥ ਆਪੋ ਵਿੱਚ ਟਕਰਾਉਂਦੇ ਰਹੇ ਹਨ:



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਸ਼ਬਦਾਂ ਦੇ ਦਰ ਸੌੜੇ ਹਨ
ਤੇ ਕੱਦ ਅਰਥਾਂ ਦੇ ਉੱਚੇ
ਬਹੁ-ਦਿਸ਼ਾਵੀ ਚੇਤੰਨ ਅਨੁਭਵ
ਕੱਵਣ ਸੁ ਦਰ ਜਿਤ ਢੁੱਕੇ
ਸ਼ਬਦਾਂ ਬਾਝੋਂ ਅਰਥ ਬੇ-ਅਰਥੇ
ਮਰਦੇ ਵਿੱਚ ਨਮੋਸ਼ੀ
ਕੋਈ ਸਿਰਜੇ ਕਿਵੇਂ ਖ਼ਾਮੋਸ਼ੀ।
ਪਾਰੇ ਵਾਂਗ ਡਲ੍ਹਕਦਾ ਛਿਣ ਛਿਣ
ਅੱਖੀਆਂ ਨੂੰ ਚੁੰਧਿਆਵੇ
ਬੇਆਵਾਜ਼ ਆਵਾਜ਼ 'ਚ ਛਿਣ ਛਿਣ
ਫੁੱਲ ਵਾਂਗੂ ਖਿੜ ਜਾਵੇ
ਪਕੜੇ ਜੀ ਕੋਈ ਪਕੜੇ ਕੀਕੂੰ
ਮਹਿਕਾਂ ਦੀ ਸਰਗੋਸ਼ੀ
ਕੋਈ ਸਿਰਜੇ ਕਿਵੇਂ ਖ਼ਾਮੋਸ਼ੀ।

ਰਵਿੰਦਰ ਰਵੀ ਦੀ ਕਵਿਤਾ ਦੀ ਇਹ ਨੁਹਾਰ ਪ੍ਰਯੋਗਵਾਦੀ ਧਾਰਨਾ ਦੇ ਦਿਨਾਂ ਦੀ ਨਹੀਂ। ਉਸ ਦੀ ਪ੍ਰਯੋਗੀ ਰੁਚੀ ਉਸ ਦੇ ਮੁੱਢਲੇ ਦਿਨਾਂ ਵਿੱਚ ਪ੍ਰਗਤੀਵਾਦ ਦੀ ਪ੍ਰਧਾਨਗੀ ਦੇ ਪ੍ਰਤੀਕਰਮ ਵਜੋਂ ਹੋਂਦ ਵਿੱਚ ਆਈ ਸੀ। ਉਸ ਦੇ ਕੀਨੀਆਂ ਪਹੁੰਚਦੇ ਸਾਰ ਉਸ ਦਾ ਵਾਹ ਓ ਲੈਵਲ ਦੇ ਵਿੱਦਿਆਰਥੀਆਂ ਨਾਲ ਪਿਆ। ਉੱਥੇ ਓ ਲੈਵਲ ਦੀ ਅੰਗਰੇਜ਼ੀ ਸਾਡੀ ਐੱਫ.ਏ. ਦੀ ਅੰਗਰੇਜ਼ੀ ਦੇ ਬਰਾਬਰ ਦੀ ਸੀ। ਕਿਸੇ ਹੱਦ ਤਕ ਅੱਜ ਦੀ ਬੀ.ਏ., ਐੱਮ.ਏ. ਦੇ ਬਰਾਬਰ ਦੀ। ਓਥੇ ਸ਼ੈਕਸਪੀਅਰ, ਮਿਲਟਨ, ਵਰਡਸਵਰਥ, ਸ਼ੈਲੀ, ਕੀਟਸ ਤੇ ਹੋਰ ਕਵੀ ਅਤੇ ਨਾਟਕਕਾਰ ਪੜ੍ਹਾਉਣੇ ਪੈਂਦੇ ਸਨ। ਉੱਥੋਂ ਦੇ ਵਿੱਦਿਆਰਥੀਆਂ ਵਿੱਚ ਰਵੀ ਦੀ ਪਦਵੀ ਇੱਥੋਂ ਦੇ ਸੰਤ ਸਿੰਘ ਸੇਖੋਂ, ਗੁਰਬਚਨ ਸਿੰਘ ਤਾਲਿਬ ਤੇ ਗੋਪਾਲ ਸਿੰਘ ਦਰਦੀ ਵਾਲੀ ਹੋ ਗਈ। ਅੰਗਰੇਜ਼ੀ ਭਾਸ਼ਾ ਤੇ ਸਾਹਿਤ ਨਾਲ ਰਵੀ ਦੀ ਇਹ ਸਾਂਝ ਕੈਨੇਡਾ ਪਹੁੰਚਣ 'ਤੇ ਵੀ ਨਹੀਂ ਟੁੱਟੀ। 1976 ਤੋਂ 2003 ਤਕ ਬ੍ਰਿਟਿਸ਼ ਕੋਲੰਬੀਆ ਵਿੱਚ ਪੈਂਦੇ ਆਦਿਵਾਸੀ ਕਸਬੇ ਨਿਊ ਆਏਐਂਸ਼ ਵਿੱਚ ਸਮਾਜਿਕ ਵਿੱਦਿਆ ਦੇ ਨਾਲ ਅੰਗਰੇਜ਼ੀ ਭਾਸ਼ਾ ਤੇ ਸਾਹਿਤ ਪੜ੍ਹਾਉਣਾ ਉਸ ਦਾ ਕਿੱਤਾ ਵੀ ਸੀ ਤੇ ਧਰਮ ਵੀ ਸ਼ਬਦਾਂ ਦੀ ਖਾਮੋਸ਼ੀ ਆਦਿ ਬਿੰਬ ਇਸੇ ਅਧਿਐਨ ਤੇ ਅਧਿਆਪਨ ਦੀ ਉਪਜ ਹਨ।

ਨਿਊ ਆਏਐਂਸ਼ ਦੇ ਆਦਿਵਾਸੀ ਜੀਵਨ ਨੇ ਰਵੀ ਦੀ ਸਿਰਜਣਾ ਸ਼ਕਤੀ ਨੂੰ ਝੰਜੋੜਿਆ। ਉਸ ਨੂੰ ਆਦਿਵਾਸੀਆਂ ਦੇ ਗੋਤਾਂ ਨੇ ਪ੍ਰਭਾਵਿਤ ਕੀਤਾ। ਇਹ


IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਸਨ: ਉਕਾਬ, ਮਗਰਮੱਛ, ਬਘਿਆੜ ਤੇ ਗਿਰਝਾਂ। ਆਦਿਵਾਸੀ ਬੜੇ ਸਾਦਾ ਤੇ ਖਰੇ ਬੰਦੇ ਸਨ। ਉਨ੍ਹਾਂ ਨੇ ਰਵੀ ਨੂੰ ਰੱਜਵਾਂ ਪਿਆਰ ਤੇ ਨਿੱਘ ਦਿੱਤਾ। ਇੱਥੋਂ ਤਕ ਕਿ ਉਹਦੇ ਲਈ ਆਪਣਾ ਦੇਸ਼ ਵੀ ਆਪਣਾ ਨਹੀਂ ਰਿਹਾ। ਦੇਸ਼ ਕਾਲ ਦੀਆਂ ਹੱਦਾਂ ਉਸ ਲਈ ਬੇਅਰਥ ਹੋ ਗਈਆਂ :

ਪਹਿਲਾਂ ਦੇਸ਼ ਰਹਿੰਦਿਆਂ ਇੰਜ ਸੀ
ਹੁਣ ਪ੍ਰਦੇਸ ਰਹਿੰਦਿਆਂ ਇੰਜ ਹੈ
ਆਪਣਾ ਦੇਸ਼ ਕਿਆ ਹੈ ਪਿਆਰੇ
ਆਪਣਾ ਦੇਸ਼ ਤਾਂ ਕੇਵਲ ਮੈਂ ਹਾਂ।

ਉਸ ਦੀਆਂ ਕਹਾਣੀਆਂ ਵਿੱਚ ਵੀ ਆਦਿਵਾਸੀ ਵਰਤ ਵਰਤਾਰਾ ਹੈ। ਰਵਿੰਦਰ ਰਵੀ ਨੂੰ ਹਨੇਰੀਆ ਰਾਤਾਂ ਵਿੱਚ ਅੱਗ ਬਾਲਣ ਜਾਂ ਤੁਰਦਿਆਂ ਰਹਿਣ ਦਾ ਸ਼ੌਕ ਹੈ। ਇਸ ਅਮਲ ਤੋਂ ਉਸ ਨੂੰ ਇੰਜ ਅਹਿਸਾਸ ਹੁੰਦਾ ਹੈ ਜਿਵੇਂ ਉਸ ਦੀ ਅੱਗ ਵਿੱਚ ਹਨੇਰਾ ਬਲ ਰਿਹਾ ਹੈ ਤੇ ਉਸ ਦੇ ਹਰ ਕਦਮ ਨਾਲ ਵਾਟ ਮੁੱਕ ਰਹੀ ਹੈ। ਮੈਂ ਵੀ ਉਸ ਨੂੰ ਤੁਰਦਿਆਂ ਤੇ ਭੱਜਦਿਆਂ ਹੀ ਵੇਖਿਆ ਹੈ ਤੇ ਜਾਂ ਫਿਰ ਲਿਖਦਿਆਂ। ਉਸ ਨੇ ਬਹੁਤ ਹਨੇਰਾ ਬਾਲਿਆ ਹੈ ਤੇ ਬੇਹੱਦ ਵਾਟ ਮੁਕਾਈ ਹੈ। ਇਹ ਹਨੇਰੇ ਉਸ ਦੇ ਪਾਤਰਾਂ ਨੇ ਵੀ ਇੰਜ ਹੀ ਬਾਲੇ ਹਨ। ਉਸ ਦੀ ਇੱਕ ਪਾਤਰ ਦੇ ਕਹੇ ਸ਼ਬਦ ਇਸ ਦਾ ਪ੍ਰਮਾਣ ਹਨ :

> "ਨਹੀਂ, ਐਡੇ ਵੱਡੇ ਘਰ ਵਿੱਚ, ਮੈਂ 'ਕੱਲੀ ਕਿਵੇਂ ਸੌਂ ਸਕਦੀ ਹਾਂ- ਬੱਦਲ, ਬਿਜਲੀ, ਗਰਜ- ਮੈਨੂੰ ਡਰ ਲੱਗਦਾ ਹੈ। ਕਮਰਾ ਮੈਨੂੰ 'ਕੱਲੀ ਨੂੰ ਖਾ ਜਾਵੇਗਾ। ਮੈਂ ਕੱਲੀ ਨਹੀਂ ਸੌਂ ਸਕਦੀ। ਡਾਕਟਰ ਸਮਿੱਥ (ਪਤੀ) ਵੀ ਮੈਨੂੰ 'ਕੱਲੀ ਨੂੰ ਛੱਡ ਕੇ ਨਾਲ ਦੇ ਕਮਰੇ ਦੀ ਪ੍ਰਯੋਗਸ਼ਾਲਾ ਵਿੱਚ ਚਲੇ ਜਾਂਦੇ ਹਨ। ਮੈਨੂੰ ਡਰ ਲੱਗਦਾ ਹੈ, ਮੈਂ ਚੀਕ ਮਾਰ ਉੱਠਦੀ ਹਾਂ ਤਾਂ ਵੇਖਦੀ ਹਾਂ ਉਹ ਮੇਰੇ ਵੱਲ ਪਿੱਠ ਭੁਆ ਕੇ ਘੂਕ ਸੁੱਤੇ ਪਏ ਹਨ, ਜਿਵੇਂ ਅੱਜ ਦਾ ਪ੍ਰਯੋਗ ਖ਼ਤਮ ਕਰ ਚੁੱਕੇ ਹੋਣ। ਇਹ ਕਠੋਰ ਹਕੀਕਤ ਇੱਕੋ ਮੰਜੇ 'ਤੇ ਪਿਆਂ ਸਾਡੇ ਦੋਹਾਂ ਵਿਚਕਾਰ ਇੱਕ ਦੀਵਾਰ ਖੜ੍ਹੀ ਕਰ ਦਿੰਦੀ ਹੈ। ਦੋ ਕਮਰੇ ਉਸਾਰ ਦਿੰਦੀ ਹੈ-ਖਿਮਾਂ ਕਰਨਾ ਮਿਸਟਰ ਸਿੰਘ! ਜਿਸ ਦੀਵਾਰ ਦੀ ਵਿੱਥ 'ਤੇ ਅਸੀਂ ਪਏ ਹਾਂ, ਉਸ 'ਚੋਂ ਇੱਕ ਬੂਹਾ ਅੰਦਰ ਵੱਲ ਵੀ ਖੁੱਲ੍ਹਦਾ ਹੈ। ਉਸੇ ਬੂਹੇ ਦੀ ਸਾਂਝ ਮੈਂ ਤੈਥੋਂ ਮੰਗਦੀ ਹਾਂ। ਹਰ ਦੀਵਾਰ 'ਚੋਂ ਇੱਕ ਬੂਹਾ ਅੰਦਰ ਵੱਲ ਵੀ ਖੁੱਲ੍ਹਦਾ ਹੈ। ਮੈਨੂੰ ਅੰਦਰ ਵੱਲ ਖੁੱਲ੍ਹਦੇ ਬੂਹੇ ਦੀ ਸਾਂਝ ਦੇ ਦੇ।"


IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਰਵੀ ਦੀ ਕਵਿਤਾ ਤੇ ਕਹਾਣੀ ਵਿੱਚ ਇਹ ਤੇ ਇਹੋ ਜਿਹੀਆਂ ਹੋਰ ਪਾਤਰ ਵਾਰ ਵਾਰ ਆਉਂਦੀਆਂ ਹਨ। ਆਦਿਵਾਸੀਆਂ ਦੇ ਰੀਤੀ ਰਿਵਾਜ ਬਹੁਤ ਕਰਕੇ ਆਪਣੇ ਵਾਲੇ ਹੀ ਹਨ ਕੌਣ ਕਿਸ ਦੇ ਨਾਲ ਵਿਆਹ ਕਰ ਸਕਦਾ ਹੈ, ਇਨ੍ਹਾਂ ਰਹੁ-ਰੀਤਾਂ ਨੇ ਹੀ ਤੈਅ ਕਰਨਾ ਹੁੰਦਾ ਹੈ। ਰਵੀ ਦੀ ਇੱਕ ਬਹੁਤ ਪਿਆਰੀ ਵਿੱਦਿਆਰਥਣ ਸੋਨੀਆਂ ਉਕਾਬ ਨਾਂ ਦੇ ਕਬੀਲੇ ਵਿੱਚੋਂ ਸੀ। ਉਸ ਦਾ ਕਬੀਲਾ ਉਸ ਨੌਜਵਾਨ ਨਾਲ ਵਿਆਹ ਨਹੀਂ ਸੀ ਕਰਨ ਦਿੰਦਾ ਜਿਸ ਨੂੰ ਉਹ ਪਿਆਰ ਕਰਦੀ ਸੀ। ਸੋਨੀਆਂ ਨੇ ਆਪਣੀ ਮਾਂ ਨੂੰ ਜਿਹੜਾ ਵਾਸਤਾ ਪਾਇਆ ਉਹ ਸੋਨੀਆਂ ਦੀ ਇੱਕ ਕਵਿਤਾ ਵਿੱਚ ਦਰਜ ਹੈ :

ਮਾਂ! ਮੇਰੀ ਦੇਹ ਤਪਦੀ ਹੈ,
ਮਾਂ! ਮੇਰੀ ਛਾਤੀ ਫਟਦੀ ਹੈ,
ਮਾਂ! ਮੇਰੀ ਉਮਰ ਵਧਦੀ ਹੈ,
ਮਾਂ! ਮੇਰੀ ਉਮਰ ਘਟਦੀ ਹੈ,
ਮਾਂ! ਮੈਨੂੰ ਜੀ ਲੈਣ ਦੇ,
ਮੈਨੂੰ ਨੱਕੋ ਨੱਕ ਡੁੱਬ ਲੈਣ ਦੇ
ਮੈਨੂੰ ਅੰਤਿਮ ਤਿਪ ਪੀ ਲੈਣ ਦੇ।

ਸੋਨੀਆਂ ਨੇ ਆਪਣੀ ਕਵਿਤਾ ਵਿੱਚ ਉਸ ਵਿਅਕਤੀ ਦਾ ਜ਼ਿਕਰ ਵੀ ਕੀਤਾ ਹੈ ਜਿਸ ਤੋਂ ਬੇਮੁਖ ਹੋ ਕੇ ਉਸ ਦੀ ਮਾਂ ਨੇ ਮੋਹ ਦੇ ਪਾਣੀਆਂ ਤੋਂ ਹੋਠ ਭੁਆਏ ਸਨ:

ਤੇਰਿਆਂ ਸਾਹਾਂ ਵਿੱਚ ਸੁਗੰਧਾਂ,
ਮੇਰੇ ਨੈਣੀ ਵਰ੍ਹਨ ਅੰਗਾਰੇ।
ਤੂੰ ਭਰਵਾਂ ਰੁੱਖ, ਸੰਘਣੀ ਛਾਂ,
ਬਲਦੀ ਹਿੱਕ ਤੇ,
ਮੈਂ, ਇੱਕ ਭੁੱਜਦੀ ਥਾਂ।
ਅੱਜ ਤਾਂ ਬੱਦਲ ਬਣ ਜਾ,
ਸੁੱਕੇ ਮੇਰੇ ਹੋਠ ਸਿੰਜ ਦੇ।

ਜਦੋਂ ਸੋਨੀਆਂ ਦੇ ਮਾਪਿਆਂ ਤੇ ਕਬੀਲੇ ਨੇ ਕੁੜੀ ਦੀ ਇੱਛਾ ਪੂਰੀ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਉਸ ਨੇ ਆਤਮਘਾਤ ਕਰ ਲਿਆ। ਰਵੀ ਨੇ ਉਸ ਦੀਆਂ ਕਵਿਤਾਵਾਂ ਨੂੰ ਮੁੜ ਵਾਚਿਆ ਤੇ 'ਪੌਣਾਂ ਦੇ ਗੀਤ ਦੀ ਕਵਿਤਾ' (ਵਿੰਡ ਸੌਂਗ ਪੋਇਟਰੀ) ਨਾਂ ਥੱਲੇ ਆਪਣੇ ਸਕੂਲ ਵੱਲੋਂ ਛਪਵਾ ਦਿੱਤਾ। ਇੱਥੇ ਹੀ ਬਸ ਨਹੀਂ ਇਸੇ ਨਾਂ ਉੱਤੇ ਸੋਨੀਆਂ ਦੀ ਯਾਦ ਵਿੱਚ ਇੱਕ ਐਵਾਰਡ ਦੀ ਸਥਾਪਨਾ ਵੀ ਕੀਤੀ ਜਿਹੜਾ ਕਵਿਤਾ ਮੁਕਾਬਲੇ ਵਿੱਚ ਅੱਵਲ ਆਉਣ ਵਾਲੇ ਵਿਅਕਤੀ ਨੂੰ ਦਿੱਤਾ ਜਾਂਦਾ



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਸੀ। ਜੇਤੂ ਕਵਿਤਾਵਾਂ ਵੀ ਸੰਪਾਦਤ ਕਰ ਕੇ ਛਾਪੀਆਂ ਜਾਣ ਲੱਗੀਆਂ। ਬੱਚਿਆਂ ਨੂੰ ਆਪਣੀਆਂ ਲਿਖਤਾਂ ਤੇ ਆਪਣਾ ਨਾਂ ਛਪਿਆ ਵੇਖ ਕੇ ਚਾਅ ਚੜ੍ਹ ਜਾਂਦਾ। ਰਵੀ ਲਈ ਖ਼ੁਸ਼ੀ ਦੀ ਗੱਲ ਇਹ ਵੀ ਸੀ ਕਿ ਇਨ੍ਹਾਂ ਆਦਿਵਾਸੀਆਂ ਦੀ ਸਿਰਫ਼ 25 ਫ਼ੀਸਦੀ ਵਸੋਂ ਗੋਰੀ ਸੀ, ਬਾਕੀ 75 ਫ਼ੀਸਦੀ ਰੈੱਡ ਇੰਡੀਅਨ ਸਨ; ਜਿਨ੍ਹਾਂ ਦਾ ਬਹੁਤ ਕੁਝ ਭਾਰਤੀਆਂ ਵਰਗਾ ਸੀ।

ਰਵੀ ਨੇ ਇਸ ਕੁੜੀ ਦੀਆਂ ਭਾਵਨਾਵਾਂ ਬਾਰੇ ਇੱਕ ਕਹਾਣੀ ਵੀ ਲਿਖੀ 'ਰੋਹ ਦੀ ਸ਼ੈਲੀ'। ਉਸ ਦੇ ਪਾਠਕਾਂ ਤੇ ਵਿਦਿਆਰਥੀਆਂ ਵਿੱਚ ਇਹ ਕਹਾਣੀ ਵੀ ਉਸੇ ਤਰ੍ਹਾਂ ਪ੍ਰਸਿੱਧ ਹੋਈ ਜਿਵੇਂ ਪੌਣਾਂ ਦੇ ਗੀਤ ਦੀ ਕਵਿਤਾ।

ਕਥਾ ਵਾਰਤਾ ਲਿਖੇ ਜਾਂ ਕਵਿਤਾ, ਉਹ ਮੈਨੂੰ ਸਦਾ ਹੀ ਤੁਰਦਾ ਨਜ਼ਰ ਆਇਆ ਹੈ। ਮੈਂ ਉਸ ਨੂੰ ਧਰਤੀ ਗਾਹੁੰਦਾ, ਜੰਗਲ ਚੀਰਦਾ ਤੇ ਨਦੀਏਂ ਤਰਦਾ ਹੀ ਦੇਖਿਆ ਹੈ। ਉਸ ਦੀ ਟਰੱਕ ਰੂਪੀ ਗੱਡੀ ਉੱਤਰੀ ਅਮਰੀਕਾ ਦੇ ਦੂਰ ਦੁਰਾਡੇ ਸ਼ਹਿਰਾਂ ਤਕ ਦੌੜ ਲਾਉਂਦੀ ਰਹੀ ਹੈ। ਚੰਨ, ਤਾਰੇ ਤੇ ਬ੍ਰਹਿਮੰਡ ਉਸ ਦਾ ਹਰ ਥਾਂ ਪਿੱਛਾ ਕਰਦੇ ਰਹੇ ਹਨ। ਇਸ ਦੌੜ ਵਿੱਚ ਉਸ ਨੇ ਆਪਣੀ ਸਿਹਤ ਦਾ ਕਾਫ਼ੀ ਕਬਾੜਾ ਕੀਤਾ ਹੈ। ਉਸ ਦਾ ਸਾਰੇ ਦਾ ਸਾਰਾ ਸਰੀਰ ਡਾਕਟਰਾਂ ਦੀਆਂ ਛੁਰੀਆਂ, ਕੈਂਚੀਆਂ ਤੇ ਸੂਈਆਂ ਨਾਲ ਵਿੰਨ੍ਹਿਆ ਪਿਆ ਹੈ। ਉਸ ਦੇ ਥੈਲੇ ਵਿੱਚ ਵਸਤਰਾਂ ਨਾਲੋਂ ਸਰੀਰ ਦੀ ਸਵੈ-ਜਾਂਚ ਦੇ ਯੰਤਰ ਬਹੁਤੇ ਹੁੰਦੇ ਹਨ। ਬਲੱਡ ਪ੍ਰੈਸ਼ਰ, ਪਾਣੀ ਦੀ ਪੱਧਰ ਤੇ ਸ਼ੱਕਰ ਮਿਸ਼ਰੀ ਦਾ ਅੰਸ਼ ਦੇਖਣ ਵਾਲੇ। ਸਵੇਰੇ ਚਾਰ ਵਜੇ ਉੱਠ ਕੇ ਬਿਸਕੁਟ, ਮੱਠੀ ਜਾਂ ਮਟਰੀ ਨੂੰ ਠੂੰਗੇ ਮਾਰ ਕੇ ਇੱਕ ਲੱਪ ਗੋਲੀਆਂ ਖਾਣਾ ਉਸ ਦਾ ਨਿੱਤ ਨੇਮ ਹੈ। ਆਪਣੀ ਚੜ੍ਹਤ ਦੇ ਦਿਨਾਂ ਵਿੱਚ ਹਰ ਰੰਗ ਦੀ ਪਗੜੀ ਨਾਲ ਸਿਰ ਢਕਣ ਵਾਲਾ ਇਹ ਵਿਅਕਤੀ ਅੱਜ ਲਾਲ ਸੂਹੇ ਰੰਗ ਦੀ ਪੱਗ ਬੰਨ੍ਹ ਕੇ ਪਗੜੀ ਦੀ ਭਾਹ ਰਾਹੀਂ ਆਪਣੇ ਮਾੜਕੂ ਜਿਹੇ ਚਿਹਰੇ ਨੂੰ ਰੁਸ਼ਨਾ ਕੇ ਰੱਖਦਾ ਹੈ।

ਬ੍ਰਿਟਿਸ਼ ਕੋਲੰਬੀਆ ਦੇ ਆਦਿਵਾਸੀਆਂ ਵਿੱਚ ਸਿਰਫ਼ ਇੱਕ ਮਹੀਨੇ ਦੀ ਕੱਚੀ ਨੌਕਰੀ 'ਤੇ ਕੰਮ ਕਰਨ ਗਿਆ ਰਵੀ ਪੂਰੇ ਸਤਾਈ ਸਾਲ ਉੱਥੇ ਹੀ ਟਿਕਿਆ ਰਿਹਾ। ਮਾਸਟਰੀ, ਹੈੱਡ ਮਾਸਟਰੀ, ਪ੍ਰਿੰਸੀਪਲੀ ਤੇ ਟੀਚਰ ਯੂਨੀਅਨ ਦੀ ਪ੍ਰਧਾਨਗੀ, ਉਸ ਨੇ ਸਾਰੇ ਰਸ ਮਾਣੇ ਹਨ। ਆਪਣੀ ਉਮਰ ਦੀ ਢਲਦੀ ਦੁਪਹਿਰ ਵਿੱਚ ਉਹ ਹਾਲੇ ਵੀ ਉੱਥੋਂ ਵਾਲੇ ਅਨੁਭਵ ਦੀ ਜੁਗਾਲੀ ਕਰਦਾ ਰਹਿੰਦਾ ਹੈ:

ਆਪਣੀ ਹਸਤੀ ਨੂਰ ਬਣਾ ਕੇ
ਸੂਰਜ ਨੂੰ ਚਿਪਕਾ ਦਿੱਤੀ ਹੈ
ਸ਼ਬਦਾਂ ਦੀ ਰਚਨਾ ਦੇ ਦੁਆਲੇ
ਧਰਤੀ ਘੁੰਮਣ ਲਾ ਦਿੱਤੀ ਹੈ।



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਉਸ ਦੀ ਕਵਿਤਾ ਦੀਆਂ ਇਹ ਸਤਰਾਂ ਉਸ ਦੀ ਸ਼ਖ਼ਸੀਅਤ ਦੇ ਦੋਵੇਂ ਪਾਸੇ ਹਨ ਸੂਰਜ, ਚੰਦ, ਸਿਤਾਰੇ, ਬ੍ਰਹਿਮੰਡ ਦੇ ਬਹੁ-ਪਰਤੀ ਚਾਨਣ ਨੂੰ ਮਾਣਨ ਤੇ ਪਛਾਣਨ ਵਾਲਾ ਇਹ ਕਵੀ ਆਪਣੇ ਮਨ ਦੇ ਹਨੇਰਿਆਂ ਨੂੰ ਨਫ਼ਰਤ ਦਾ ਨਾਂ ਦੇ ਕੇ ਇਨ੍ਹਾਂ ਦੇ ਹਾਂ-ਪੱਖੀ ਅਰਥ ਕੱਢਦਾ ਹੈ। ਉਹ ਜ਼ਿੰਦਗੀ ਦੇ ਹਰ ਪਲ ਨੂੰ ਮਾਣਨ ਦਾ ਅਭਿਲਾਸ਼ੀ ਹੈ ਤੇ ਮਾਣ ਰਿਹਾ ਹੈ:

ਵਾਣੀ ਦੇ ਵਣ 'ਚੋਂ ਭੱਜ ਚੱਲੀਏ
ਮੌਨਾਂ ਦੀ ਸ਼ਰਨਾਈ।
ਅੰਦਰ ਵੱਲ ਨੂੰ ਮੋੜੀਏ ਨਜ਼ਰਾਂ
ਅੰਦਰ ਹੀ ਰੁਸ਼ਨਾਈ
ਇਹ ਰੁਸ਼ਨਾਈ ਪੁਸਤਕ ਵਰਗੀ
ਅੱਖਰ ਅੱਖਰ ਆਪਣਾ
ਆਪੇ ਦੀ ਸਿੱਧ ਪੁੱਠ ਨੂੰ ਤੱਕਣਾ
ਆਪਣਾ ਆਪਾ ਜਪਣਾ।

ਰਵਿੰਦਰ ਰਵੀ ਮੈਡਲਵਾਦੀ (ਤਮਗਾ ਮਾਸਟਰ) ਹੈ ਉਹ ਫ਼ੌਜੀਆਂ ਤੇ ਪੁਲੀਸ ਵਾਲਿਆਂ ਵਾਂਗ ਆਪਣੇ ਸਾਰੇ ਤਮਗੇ ਤੇ ਸਨਮਾਨ ਆਪਣੀ ਹਿੱਕ ਉੱਤੇ ਚਿਪਕਾ ਕੇ ਰੱਖਦਾ ਹੈ। ਫ਼ਰਕ ਹੈ ਤਾਂ ਸਿਰਫ਼ ਇੰਨਾ ਕਿ ਉਸ ਦੀ ਆਤਮਾਂ ਤੇ ਸਰੀਰ ਉਸ ਦੀਆਂ ਪੁਸਤਕਾਂ ਹਨ, ਹਿੱਕ ਢਕਣ ਵਾਲੀ ਪੁਸ਼ਾਕ ਪੁਸਤਕਾਂ ਦੇ ਅਸਤਰ। ਪੁਸਤਕ 'ਮੇਰੀ ਕਹਾਣੀ' ਵਿੱਚ ਉਸ ਨੇ ਹੁਣ ਤਕ ਦੀਆਂ ਲਿਖੀਆਂ ਸਾਰੀਆਂ ਕਹਾਣੀਆਂ ਇਕੱਠੀਆਂ ਛਪਵਾਈਆਂ ਹਨ। ਇਸ ਦੇ ਅਸਤਰ ਉੱਤੇ ਪੰਜਾਬੀ ਦੇ ਸਿਰਮੌਰ ਲੇਖਕਾਂ ਤੇ ਆਲੋਚਕਾਂ ਦੀਆਂ ਰਾਵਾਂ ਦਰਜ ਹਨ। ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਡਾ. ਹਰਿਭਜਨ ਸਿੰਘ ਤੇ ਡਾ. ਰਘਬੀਰ ਸਿੰਘ ਸਿਰਜਣਾ ਦੀਆਂ। ਸੇਖੋਂ, ਦੁੱਗਲ ਤੇ ਵਿਰਕ ਇਹ ਕਹਿੰਦੇ ਹਨ :

> ਮੈਂ ਸਮਝਦਾ ਹਾਂ ਕਿ ਰਵਿੰਦਰ ਰਵੀ ਜੀਵਨ ਦੀ ਸ਼ਾਹ ਰਗ ਪਛਾਨਣ ਵਾਲਾ ਲੇਖਕ ਹੈ ਉਸ ਦੀ ਕਹਾਣੀ ਜਿਸਮ ਦੀ ਥਾਂ ਰੂਹ ਦੀ ਬਾਤ ਪਾਉਂਦੀ ਹੈ। ਉਹ ਨਵੇਂ ਵਿਸ਼ਿਆਂ ਤੇ ਨਵੇਂ ਰੂਪਾਂ 'ਤੇ ਹੱਥ ਅਜ਼ਮਾਉਣ ਲੱਗਿਆ ਅੱਗਾ ਪਿੱਛਾ ਨਹੀਂ ਦੇਖਦਾ।
>
> -ਕਰਤਾਰ ਸਿੰਘ ਦੁੱਗਲ

> ਮੁੱਖ ਰੂਪ ਵਿੱਚ ਰਵੀ ਦੀ ਕਹਾਣੀ ਵਿੱਚ ਨਾਇਕ ਦਾ ਸਥਾਨ ਸਾਧਾਰਨ ਮਾਨਵ ਨੂੰ ਹੀ ਦਿੱਤਾ ਜਾਂਦਾ ਹੈ ਜੋ ਆਪਣੇ ਜੀਵਨ ਵਿੱਚ


IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

> ਸਮਾਜਿਕ ਤੇ ਆਰਥਿਕ ਅਨਿਆਂ ਦਾ ਸ਼ਿਕਾਰ ਹੈ। ਪਰ ਉਸ ਦਾ ਧਿਆਨ ਬਹੁਤ ਵਾਰੀ ਮਾਨਵ ਦੀ ਸਮਾਜਿਕ ਤੇ ਆਰਥਿਕ ਦਸ਼ਾ ਵੱਲੋਂ ਹਟ ਕੇ ਉਸ ਦੇ ਅੰਦਰਲੇ ਪਾਪ ਤੇ ਰੋਗ ਵੱਲ ਚਲਾ ਜਾਂਦਾ ਹੈ। ਇਹ ਪ੍ਰਕਿਰਤੀਵਾਦ ਉਸ ਦੇ ਅਸਤਿਤ੍ਵਵਾਦ ਵੱਲ ਝੁਕਾਅ ਦਾ ਨਤੀਜਾ ਹੈ।
>
> - ਸੰਤ ਸਿੰਘ ਸੇਖੋਂ

> ਰਵੀ ਜਿੱਥੇ ਵੀ ਗਿਆ ਹੈ ਉੱਥੋਂ ਦੇ ਲੋਕਾਂ ਵਿੱਚ ਰਚ-ਮਿਚ ਕੇ ਵਿਚਰਿਆ ਹੈ। ਉਸ ਦੀਆਂ ਕਹਾਣੀਆਂ ਵਿੱਚ ਬਾਹਰਲੇ ਦੇਸ਼ਾਂ ਦੇ ਇਸਤਰੀ ਮਰਦ ਜਿਉਂਦੇ ਵਸਦੇ ਨਜ਼ਰ ਆਉਂਦੇ ਹਨ, ਸਮੁੱਚੀ ਮਨੁੱਖਤਾ ਦੇ ਰੂਪ ਵਿੱਚ।
>
> -ਕੁਲਵੰਤ ਸਿੰਘ ਵਿਰਕ

ਰਵੀ ਦਾ ਦੂਜਾ ਗੁਣ ਮੈਡਲ ਪ੍ਰਦਾਨ ਕਰਨ ਵਾਲਿਆਂ ਦਾ ਮੁੱਲ ਚੁਕਾਉਣਾ ਹੈ। ਆਪਣੀਆਂ ਕੁਝ ਕਹਾਣੀਆਂ ਦਾ ਇਹ ਸੰਗ੍ਰਹਿ ਉਸ ਨੇ ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ ਤੇ ਕੁਲਵੰਤ ਸਿੰਘ ਵਿਰਕ ਨੂੰ ਸਮਰਪਿਤ ਕੀਤਾ ਹੈ। ਰਵਿੰਦਰ ਰਵੀ ਪਰਵਾਸੀ ਲੇਖਕਾਂ ਵਿੱਚੋਂ ਸਭ ਤੋਂ ਵੱਧ ਸਨਮਾਨਿਤ ਤੇ ਹਰਮਨ ਪਿਆਰਾ ਜੀਊੜਾ ਹੈ। ਉਹ ਰਾਵਾਂ, ਤਮਗੇ ਤੇ ਸਨਮਾਨ ਲੈਂਦਾ ਹੀ ਨਹੀਂ, ਦਿੰਦਾ ਵੀ ਰਿਹਾ ਹੈ। ਉਹ ਅੰਤਰਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦਾ ਸੰਚਾਲਕ ਤੇ ਇਆਪਾ ਦਾ ਮੋਢੀ ਪ੍ਰਧਾਨ ਹੈ। ਆਪਣੇ ਇਨ੍ਹਾਂ ਲਾਟੂਆਂ ਉੱਤੇ ਉਸ ਨੇ ਅੰਮ੍ਰਿਤਾ ਪ੍ਰੀਤਮ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ, ਫਖਰ ਜ਼ਮਾਨ, ਸੋਹਨ ਕਾਦਰੀ ਤਾਂ ਕੀ, ਆਪਣੀ ਮੁਹੱਬਤ ਵਿੱਚ ਆਏ ਨਵੇਂ ਨਵੇਲੇ ਮੁੰਡੂਆਂ ਨੂੰ ਰੱਜ ਕੇ ਘੁਮਾਇਆ ਹੈ। ਘੁੰਮਣਾ ਤੇ ਘੁਮਾਉਣਾ ਉਸ ਦੀ ਜੀਵਨ ਸ਼ੈਲੀ ਦਾ ਸੋਮਾ ਹਨ: ਕਾਲੇ ਚਿੱਟੇ ਧੱਬੇ, ਰੋਹ ਦੀ ਸ਼ੈਲੀ, ਪਿਆਸੇ ਬੱਦਲ, ਅੰਨ੍ਹੇ ਸੂਰਜ, ਸੁੱਤੀਆਂ ਦੁਪਹਿਰਾਂ, ਜਾਗਦੇ ਹਨੇਰੇ, ਮੈਲੀ ਪੁਸ਼ਾਕ, ਨੰਗੀਆਂ ਕੰਧਾਂ, ਮੱਕੜੀਆਂ ਤੇ ਜਾਲੇ ਆਦਿ ਸਾਹਿਤਕ ਬਿੰਬ ਸਿਰਜਦਾ ਉਹ ਲੀਕ ਤੋਂ ਹਟ ਕੇ ਲਿਖਣ ਤੇ ਨਵੀਆਂ ਲੀਹਾਂ ਪਾਉਣ ਵਾਲਾ ਸਾਹਿਤਕਾਰ ਸਿੱਧ ਹੋਇਆ ਹੈ।

ਉਸ ਦੀ ਖ਼ਾਮੋਸ਼ੀ ਵਿੱਚ ਵੀ ਅੰਤਾਂ ਦਾ ਸ਼ੋਰ ਹੈ ਤੇ ਉਸ ਦੇ ਸ਼ੋਰ ਅੰਦਰ ਮੌਨ ਸਮਾਧੀ, ਬਿਫਰੇ ਦਰਿਆ ਦੀ ਤਹਿ ਵਿੱਚ ਟਿਕੀ ਹੋਈ ਸ਼ਾਂਤ ਝੀਲ ਵਾਂਗ ਨਜ਼ਰ ਆਉਂਦੀ ਹੈ। ਉਸ ਦੇ ਪਾਤਰਾਂ ਦੀ ਪਛਾਣ ਦੀਆਂ ਜੜ੍ਹਾਂ ਬੇਗਾਨਗੀ ਵਿੱਚ ਹਨ। ਉਨ੍ਹਾਂ ਦੇ ਚਿਹਰਿਆਂ ਦੇ ਨਕਸ਼, ਭੀੜ ਦੇ ਚਿਹਰਿਆਂ 'ਤੇ ਚਿਪਕੇ ਹੋਏ ਹਨ। ਭੀੜ ਦੀ ਕੋਈ ਚੇਤਨਾ ਨਹੀਂ ਹੁੰਦੀ ਤੇ ਰਵੀ ਕਹਿੰਦਾ ਹੈ ਕਿ ਜੋ ਨਕਸ਼


IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਵੀ ਵੇਖਣ ਵਾਲੀ ਅੱਖ ਵਿੱਚ ਇੱਕ ਸੁਪਨਾ ਲਟਕਾ ਸਕੇ, ਉਹ ਹੀ ਆਪਣੇ ਆਪ ਵਿੱਚ ਇੱਕ ਪੂਰਾ ਸੰਸਾਰ ਹੈ।

ਰਵਿੰਦਰ ਰਵੀ ਜੁਗਤੀ ਜੀਊੜਾ ਹੈ। ਉਹ ਤਿੰਨ ਬੰਦੇ ਇਕੱਠੇ ਕਰ ਕੇ ਪ੍ਰਯੋਗਵਾਦੀ ਲਹਿਰ ਚਲਾ ਸਕਦਾ ਹੈ। ਲਹਿਰ ਸਥਾਪਤ ਹੋਣ ਉਪਰੰਤ ਅਕਥ ਕਥਾਵਾਂ, ਵਣ ਵਾਣੀਆਂ ਤੇ ਪਿਆਸੇ ਬੱਦਲਾਂ ਤੋਂ ਅਸ਼ੀਰਵਾਦ ਲੈ ਕੇ ਜੁਰਮ ਦੇ ਪਾਤਰ, ਕੰਪਿਊਟਰ ਕਲਚਰ, ਕੋਨ ਪ੍ਰਤੀਕੋਨ, ਅਘਰਵਾਸੀ ਤੇ ਆਪਣੇ ਆਪਣੇ ਟਾਪੂ ਨਾਵਾਂ ਥੱਲੇ ਮੈਲੀਆਂ ਪੁਸਤਕਾਂ ਦੀ ਦਾਸਤਾਨ ਬਣ ਸਕਦਾ ਹੈ। ਉਹ ਆਪਣੀਆਂ ਰਚਨਾਵਾਂ ਨੂੰ ਸਿਫਰਾਂ, ਸੂਰਜਾਂ, ਦਰ ਦੀਵਾਰਾਂ ਤੇ ਚੌਕਾਂ ਵਿੱਚ ਖਲਿਆਰ ਕੇ ਉਨ੍ਹਾਂ ਦੇ ਗਲਾਂ ਵਿੱਚ ਪ੍ਰਯੋਗੀ ਹਾਰ ਪਾਉਂਦਾ ਹੈ। ਪੋਥੀ ਦਰ ਪੋਥੀ ਕਵਿਤਾਵਾਂ ਰਚ ਕੇ ਬਿੰਦੂ, ਵਸਤਰ, ਧੱਬੇ, ਧੂਣੀਆਂ ਦਾ ਢੋਆ ਢੋਂਦਾ ਆਪਣੇ ਮੌਸਮ ਦੀ ਵਾਰੀ ਉਡੀਕਦਾ ਹੈ। ਉਹ ਅਲਵਿਦਾ ਕਹਿ ਗਏ ਮਿੱਤਰ ਪਿਆਰਿਆਂ ਨੂੰ ਮੋੜ ਲਿਆਉਣ ਦਾ ਵੱਲ ਵੀ ਜਾਣਦਾ ਹੈ। ਉਸ ਨੇ ਪਿਤਾ ਪਿਆਰਾ ਸਿੰਘ ਗਿੱਲ ਤੇ ਭਣਵੱਈਏ ਕਰਮ ਸਿੰਘ ਸੰਧੂ ਦੇ ਨਾਂ ’ਤੇ ਅੰਤਰਰਾਸ਼ਟਰੀ ਪੁਰਸਕਾਰ ਸਥਾਪਤ ਕਰ ਕੇ ਸੇਖੋਂ, ਦੁੱਗਲ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਹਰਿਭਜਨ ਸਿੰਘ, ਗਾਰਗੀ, ਤਾਰਾ ਸਿੰਘ, ਰਘਬੀਰ, ਸੇਠੀ, ਦੇਵ, ਕਾਂਗ ਤੇ ਗੁਰੂਮੇਲ ਆਦਿ ਨੂੰ ਆਪਣੇ ਇਸ ਜੰਬੋ ਜੈੱਟ ਦੀਆਂ ਇੰਟਰਨੈਸ਼ਨਲ ਉਡਾਣਾਂ ਦੇ ਝੂਟੇ ਦਿੱਤੇ ਹਨ। ਪਿਆਰਾ ਸਿੰਘ ਗਿੱਲ ਤੇ ਕਰਮ ਸਿੰਘ ਸੰਧੂ ਦੀਆਂ ਅਸਥੀਆਂ ਤੇ ਆਤਮਾਵਾਂ ਨੂੰ ਉਨ੍ਹਾਂ ਥਾਂਵਾਂ ਦੀ ਸੈਰ ਕਰਵਾਈ ਹੈ ਜਿੱਥੇ ਉਹ ਜੀਉਂਦੇ ਜੀਅ ਨਹੀਂ ਸਨ ਜਾ ਸਕੇ।

ਉਸ ਨੇ ਗੁਆਂਢੀ ਦੇਸ਼ ਦੇ ਫਖਰ ਜ਼ਮਾਨ ਤੇ ਅਫਜ਼ਲ ਅਹਿਸਨ ਰੰਧਾਵਾ ਨਾਲ ਸਾਂਝਾਂ ਪਾ ਕੇ ਆਪਣੇ ਜਨਮ ਸਥਾਨ ਸਿਆਲਕੋਟ ਦੀ ਮਿੱਟੀ ਨੂੰ ਚੁੰਮਿਆਂ ਹੈ। ਉਸ ਦੀ ਸਿਰਜੀ ਇਆਪਾ ਨਾਂ ਦੀ ਸੰਸਥਾ ਨੇ ਡੈਨਮਾਰਕ, ਇੰਡੀਆ, ਪਾਕਿਸਤਾਨ, ਕੈਨੇਡਾ, ਇੰਗਲੈਂਡ ਤੇ ਕੀਨੀਆ ਵਿੱਚ ਉਚੇਚੇ ਸਮਾਗਮ ਕੀਤੇ ਹਨ।

ਇਆਪਾ, ਇੰਟਰਨੈਸ਼ਨਲ ਐਸੋਸੀਏਸ਼ਨ ਆਫ ਪੰਜਾਬੀ ਆਥਰਜ਼ ਐਂਡ ਆਰਟਿਸਟਸ ਦਾ ਸੰਖੇਪ ਹੈ। ਹੁਣ ਜਦੋਂ ਉਸ ਦੀ ਸਿਹਤ ਪਹਿਲਾਂ ਵਾਲੀ ਨਹੀਂ ਤਾਂ ਵੀ ਟਿਕ ਕੇ ਨਹੀਂ ਬੈਠਦਾ। ਉਸ ਦੀ ਜੁਗਤੀ-ਪੌੜੀ ਦੇ ਡੰਡੇ ਹਾਲੇ ਮੁੱਕੇ ਨਹੀਂ ਉਹ ਆਪਣੀਆਂ ਰਚਨਾਵਾਂ ਦੇ ਗ੍ਰੰਥ ਤਿਆਰ ਕਰਵਾ ਕੇ ਆਪਣੇ ਕੰਮ ਨੂੰ ਸਮੇਟਣ ਦਾ ਪ੍ਰਭਾਵ ਦੇ ਰਿਹਾ ਹੈ, ਪਰ ਉਸ ਦੀ ਅਸਲੀ ਨੀਅਤ ਇਨ੍ਹਾਂ ਦਾ ਦੂਰ ਦੂਰ ਤਕ ਛੱਟਾ ਦੇਣ ਦੀ ਹੈ, ਭੁੱਲੀ ਵਿਸਰੀ ਤੇ ਮਰ ਰਹੀ ਰਚਨਾ ਨੂੰ ਆਕਸੀਜਨ ਦੇਣ ਵਾਂਗ। ਉਸ ਦੀ ਕਾਰਜ ਵਿਧੀ ਦੇ ਰੰਗ ਨਿਆਰੇ ਹਨ। ਬਹੁਤ ਪਹਿਲਾਂ ਸੱਠਵਿਆਂ ਦੇ ਅੱਧ ਵਿੱਚ ਜਦੋਂ ਪੰਜਾਬੀ ਸਾਹਿਤ ਸਮੀਖਿਆ ਬੋਰਡ ਨੇ ਮੇਰੀ ਪੁਸਤਕ ‘ਹੁਸਨ ਦੇ ਹਾਣੀ’ ਤੇ ਤਾਰਾ ਸਿੰਘ ਦੀ ‘ਸੂਰਜ ਦਾ ਲੈਟਰ ਬਾਕਸ’ ਨਾਲ ਰਵੀ ਦੀ ਰਚੀ ਨਵੀਂ ਪੁਸਤਕ ਵੀ ਸ਼ਾਮਿਲ ਕਰ ਲਈ ਤਾਂ ਰਵੀ ਨੇ ਡੱਬੇ



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

’ਚੋਂ ਬੋਤਲ ਕੱਢ ਕੇ ਇੱਕ ਦੋ ਵੱਡੇ ਹਾੜੇ ਲਾ ਲਏ ਤੇ ਸਾਨੂੰ ਵੀ ਦਿੱਤੇ। “ਇਹ ਕੌਣ ਹੁੰਦੇ ਹਨ ਸਾਡੀ ਰਚਨਾ ਦੀ ਸਮੀਖਿਆ ਕਰਨ ਵਾਲੇ !” ਅਸੀਂ ਤਿੰਨਾਂ ਨੇ ਸ਼ੀਸ਼ੇ ਦੇ ਫਰੇਮਾਂ ਵਿੱਚ ਜੜੇ ਹੋਏ ਇਨਾਮੀ ਸਰਟੀਫਿਕੇਟ ਇੱਕ ਇੱਕ ਕਰ ਕੇ ਧਰਤੀ ਉੱਤੇ ਸੁੱਟੇ ਤੇ ਬੂਟਾਂ ਦੀਆਂ ਅੱਡੀਆਂ ਨਾਲ ਮਧੋਲ ਕੇ ਚੂਰਾ ਚੂਰਾ ਕਰ ਦਿੱਤੇ। ਇੱਕ ਵਾਰ ਉਸ ਨੇ ਆਪਣੀ ਸਥਾਪਿਤ ਕੀਤੀ ਇਆਪਾ ਸੰਸਥਾ ਦੇ ਬਿਲਮੁਕਾਬਲ ਇੱਕ “ਸਾਹਿਤ ਵਿਚਾਰ ਮੰਚ” ਨਾਂ ਦੀ ਨਵੀਂ ਸੰਸਥਾ ਵੀ ਸਥਾਪਿਤ ਕੀਤੀ। ਸਥਾਪਨਾ ਤੋਂ ਪਿੱਛੋਂ ਇਸ ਨਵੀਂ ਸੰਸਥਾ ਵੱਲੋਂ ਉਸ ਨੇ ਪੰਜਾਬੀ ਭਾਸ਼ਾ ਸਾਹਿਤ ਤੇ ਸਭਿਆਚਾਰ ਨਾਲ ਮੋਹ ਰੱਖਣ ਵਾਲੇ ਪੰਜਾਬ ਦੇ ਪ੍ਰਮੁੱਖ ਹਸਤਾਖਰਾਂ ਮਹਿੰਦਰ ਸਿੰਘ ਰੰਧਾਵਾ, ਕੁਲਵੰਤ ਸਿੰਘ ਵਿਰਕ, ਕਪੂਰ ਸਿੰਘ ਘੁੰਮਣ ਤੇ ਪ੍ਰੀਤਮ ਸਿੰਘ ਸਫੀਰ ਨੂੰ ਵਿਸ਼ਵ ਪੰਜਾਬੀ ਸਾਹਿਤਕਾਰ ਨਾਮੀ ਐਵਾਰਡ ਪ੍ਰਦਾਨ ਕੀਤੇ ਤੇ ਕਰਵਾਏ।

ਰਵਿੰਦਰ ਰਵੀ ਨੇ ਬਹੁਤ ਸਫ਼ਰ ਕੀਤਾ ਹੈ। ਪੂਰੇ ਵੀਹ ਸਾਲ ਉਹ ਸਾਈਕਲ ‘ਤੇ ਸਵਾਰ ਹੋ ਕੇ ਪੰਜਾਬ ਦੇ ਸਰਕਾਰੀ ਤੇ ਗੈਰ-ਸਰਕਾਰੀ ਸਕੂਲਾਂ ਵਿੱਚ ਵਿੱਦਿਆ ਲੈਂਦਾ ਤੇ ਦਿੰਦਾ ਰਿਹਾ ਹੈ। ਇਹ ਕਾਰਜ ਉਸ ਨੇ 1967 ਤਕ ਕੀਨੀਆ ਜਾ ਕੇ ਵੀ ਜਾਰੀ ਰੱਖਿਆ। ਇਸ ਧਰਤੀ ਤੋਂ ਉਸ ਨੇ ਅਮਰੀਕਾ ਤੇ ਉੱਤਰੀ ਅਮਰੀਕਾ ਦਾ ਦੌਰਾ ਕੀਤਾ। ਇਸ ਗਮਨ ਵਿੱਚ ਯੂ.ਕੇ. ਤੋਂ ਬਿਨਾਂ ਮਿਡਲ ਈਸਟ ਤੇ ਯੂਰਪ ਦੇ ਦੇਸ਼ ਵੀ ਸ਼ਾਮਲ ਹਨ। 1974 ਵਿੱਚ ਉਹ ਕੈਨੇਡਾ ਦੀ ਬਹੁਤ ਹੀ ਖ਼ੂਬਸੂਰਤ ਰਿਆਸਤ ਬ੍ਰਿਟਿਸ਼ ਕੋਲੰਬੀਆ ਵਿੱਚ ਅਧਿਆਪਕ ਜਾ ਲੱਗਿਆ। ਸਾਰੇ ਸਫ਼ਰ ਉਸ ਨੇ ਸਾਈਕਲ, ਕਾਰ ਜਾਂ ਹਵਾਈ ਜਹਾਜ਼ ਰਾਹੀਂ ਕੀਤੇ। ਉਸ ਦੀ ਯਾਤਰਾ ਦੇ ਕੋਹਾਂ ਦਾ ਰੰਗ ਕਦੇ ਵੀ ਕਾਲਾ ਨਹੀਂ ਰਿਹਾ। ਧਰਤ ਕੁਆਰੀ, ਸੜਕਾਂ ਖੁੱਲ੍ਹੀਆਂ ਸਿੱਧੀਆਂ ਤੇ ਚਿੱਟੀਆਂ। ਆਸਮਾਨ ਵਿੱਚ ਦੁੱਧ ਚਿੱਟੇ ਬੱਦਲਾਂ ਦੀ ਸਵਾਰੀ। ਉਹ ਚਿੱਟੇ ਕੋਹਾਂ ਦਾ ਅਣਥੱਕ ਪਾਂਧੀ ਹੈ। ਉਸ ਦੀ ਤ੍ਰਿਸ਼ਨਾ ਬਾਕਾਇਦਾ ਕਾਇਮ ਹੈ, ਉਹ ਲਿਖਦਾ ਹੈ :

ਸਰਾਪੀ ਸਿਰਜਣਾ ਦਾ ਵਰ
ਪ੍ਰਾਪਤ ਹੋਂਦ ਮੇਰੀ ਨੂੰ
ਤ੍ਰੀਮਤ ਆਪਣੇ ਅੰਦਰ ਦੀ
ਮੈਂ ਬਾਹਰ ਭਾਲਦਾ ਫਿਰਦਾਂ
ਗੁਨਾਹ ਕਹਿ ਕੇ ਜੇ ਨਿੰਦਣਾ
ਨਿੰਦ ਲਵੋ, ਇਹ ਅਮਲ ਕਰਤਾਰੀ
ਮੇਰੇ ਅੰਦਰ ਦਾ ਆਦਮ
ਫਿਰ ਅੰਜੀਰਾਂ ਖਾਣ ਚੱਲਿਆ ਹੈ।



IInd on 7.10.2016, Ist on 29.9.2016
D:/National/Ravi-16/Partakh Ton Agaahn/2-Proof/**Pratakh Ton Agaanh-B2**

ਮੈਂ ਤਾਂ ਇੱਕ ਅਘਰਵਾਸੀ ਹਾਂ
ਚੁੱਕ ਕੇ ਬੁਚਕੀ ਜਦੋਂ ਤੁਰਾਂਗਾ
ਖੁੱਲ੍ਹਣਗੇ ਸੜਕਾਂ ਦੇ ਦੁਆਰ।

ਨਿਊ ਆਇਐਂਸ਼ ਦੀ ਜਿਸ ਧਰਤੀ ਉੱਤੇ ਰਵਿੰਦਰ ਰਵੀ ਪਿਛਲੇ ਤੀਹ ਸਾਲਾਂ ਤੋਂ ਬੈਠਾ ਹੈ। ਉਹ ਖੁੱਲ੍ਹੇ ਦਰਾਂ ਵਾਲੀ ਧਰਤੀ ਹੈ, ਅਣਭੋਲ ਜਵਾਨੀਆਂ ਦਾ ਗੜ੍ਹ। ਇੱਥੋਂ ਦੇ ਵਸਨੀਕਾਂ ਨੂੰ ਉਸ ਨੇ ਏ ਬੀ ਸੀ ਤੋਂ ਪੜ੍ਹਨਾ ਸਿਖਾਇਆ ਹੈ। ਜਦੋਂ ਉਹ ਉੱਥੇ ਪਹੁੰਚਿਆ ਸੀ ਉੱਥੇ ਪੜ੍ਹਾਈ ਨਾਂ ਦੀ ਕੋਈ ਚੀਜ਼ ਹੀ ਨਹੀਂ ਸੀ। ਟੀਸੀਆਂ ਉੱਤੇ ਰੁੱਖਾਂ ਦੀਆਂ ਮੀਢੀਆਂ ਵਾਲੇ ਪਹਾੜ ਹੀ ਸਨ। ਇਨ੍ਹਾਂ ਰੁੱਖਾਂ ਦੀ ਤਰਤੀਬ, ਵਿਉਂਤ ਤੇ ਬੁਣਤ ਰਵਿੰਦਰ ਰਵੀ ਨੂੰ ਨੀਗਰੋ ਔਰਤਾਂ ਦੀਆਂ ਮੀਢੀਆਂ ਤੇ ਗੋਂਦ ਨੂੰ ਮਾਤ ਪਾਉਂਦੀ ਜਾਪੀ। ਰਵੀ ਦਾ ਨਿਊ ਆਇਐਂਸ਼ ਵਾਲਾ ਘਰ ਧੁਰ ਉੱਤਰ ਵਿੱਚ ਅਲਾਸਕਾ ਦੇ ਨੇੜੇ ਹੈ, ਜਿਵੇਂ ਅਲਾਸਕਾ ਦੀ ਗੁੱਤ ਨਾਲ ਲਟਕਦਾ ਹੋਵੇ ! ਉਸ ਦਾ ਇਹ ਘਰ ਤੱਕ ਕੇ ਮਿਰਜ਼ਾ ਗ਼ਾਲਿਬ ਦਾ ਸ਼ਿਅਰ ਚੇਤੇ ਆ ਜਾਂਦਾ ਹੈ :

ਮੰਜ਼ਿਰ ਏਕ ਬੁਲੰਦੀ ਪਰ ਔਰ ਹਮ ਬਨਾ ਸਕਤੇ
ਅਰਸ਼ ਸੇ ਇਧਰ ਹੋਤਾ ਕਾਸ਼ ਕਿ ਮਕਾਂ ਅਪਨਾ

ਉਸ ਨੂੰ ਇਸ ਘਰ ਨਾਲ ਮੋਹ ਹੈ। ਉਹ ਦੂਰੋਂ ਆਏ ਮਿੱਤਰ ਪਿਆਰਿਆਂ ਨੂੰ ਘਰ ਲਿਜਾ ਕੇ ਖ਼ੁਸ਼ ਹੁੰਦਾ ਹੈ। ਇੱਥੋਂ ਅਲਾਸਕਾ ਜਾਣਾ ਸਹਿਲ ਹੈ, ਦੋ ਘੰਟੇ ਦੀ ਕਾਰ ਯਾਤਰਾ। ਰਵੀ ਆਪਣੀ ਕਾਰ ਸਿੱਧੀਆਂ ਤੇ ਚਿੱਟੀਆਂ ਸੜਕਾਂ 'ਤੇ ਤੋਰ ਲੈਂਦਾ ਹੈ। ਇਹ ਸੜਕਾਂ ਖੁੱਲ੍ਹੀਆਂ ਹਨ, ਸਿੱਧੀਆਂ ਹਨ, ਸਾਫ਼ ਹਨ, ਸਫ਼ੈਦ ਹਨ। ਸਲੇਟੀ ਨਹੀਂ।

**–ਗੁਲਜ਼ਾਰ ਸਿੰਘ ਸੰਧੂ**
'ਪੰਜਾਬੀ ਟ੍ਰਿਬਿਊਨ', ਚੰਡੀਗੜ੍ਹ, ਭਾਰਤ
2 ਅਕਤੂਬਰ, 2016